# ਸੈਕੰਡਰੀ ਪੱਧਰੀ (ਪੰਜਾਬੀ)
# ਅਧਿਆਪਨ ਸਮਗਰੀ

# SECONDARY-LEVEL (PUNJABI) TEACHING LEARNING MATERIAL

**2018**

स्वाध्यायान्मा प्रमदः


**ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ**

ਵਰੁਣ ਮਾਰਗ, ਡਿਫ਼ੈਂਸ ਕਾਲੋਨੀ, ਨਵੀਂ ਦਿੱਲੀ–110024


स्वाध्यायान्मा प्रमदः


**STATE COUNCIL OF EDUCATIONAL RESEARCH & TRAINING**

Varun Marg, Defence Colony, New Delhi-110024



3dnutta@gmail.com

# ਸੈਕੰਡਰੀ ਪੱਧਰੀ (ਪੰਜਾਬੀ) ਅਧਿਆਪਨ ਸਮਗਰੀ

# SECONDARY-LEVEL (PUNJABI) TEACHING LEARNING MATERIAL

**2018**

Lok/;k;kUek iienk


## ਰਾਜ ਵਿੱਦਿਅਕ ਖੋਜ ਅਤੇ ਸਿਖਲਾਈ ਪਰਿਸ਼ਦ

**ਵਰੁਣ ਮਾਰਗ, ਡਿਫ਼ੈਂਸ ਕਾਲੋਨੀ, ਨਵੀਂ ਦਿੱਲੀ–110024**

# THE
# CONSTITUTION OF INDIA

**THE PEOPLE OF INDIA**, having solemnly resolved to constitute India into a **SOVEREIGN DEMOCRATIC REPUBLIC** and to secure to all its citizens:

**JUSTICE**, social, economic and political;

**LIBERTY** of thought,, expression, belief, faith and worship;

**EQUALITY** of status and of opportunity;

and to promote among them all

**FRATERNITY** assuring the dignity of the individual and the unity of the Nation:

**IN OUR CONSTITUENT ASSEMBLY** this twenty-sixth day of November, 1949, do **HEREBY ADOPT, ENACT AND GIVE TO OURSELVES THIS CONSTITUTION.**

ਜੂਨ : 2018
© ਐੱਸ.ਸੀ.ਈ.ਆਰ.ਟੀ., ਦਿੱਲੀ
ਕਾਪੀਆਂ : 300

**ਮੁੱਖ ਸਲਾਹਕਾਰ** : ਸ੍ਰੀਮਤੀ ਪੂਨੀਆ ਸਲੀਲਾ ਸ੍ਰੀਵਾਸਤਵ
ਸਕੱਤਰ (ਸਿੱਖਿਆ), ਦਿੱਲੀ ਸਰਕਾਰ ਅਤੇ ਚੇਅਰਪਰਸਨ,
ਐੱਸ.ਸੀ.ਈ.ਆਰ.ਟੀ., ਦਿੱਲੀ

**ਸਲਾਹਕਾਰ** : ਡਾ. ਸੁਨੀਤਾ ਐਸ. ਕੌਸ਼ਿਕ (ਨਿਰਦੇਸ਼ਿਕਾ)
ਡਾ. ਨਾਹਰ ਸਿੰਘ (ਸੰਜੁਗਤ ਨਿਰਦੇਸ਼ਕ)

**ਸੰਯੋਜਿਕਾ** : ਸ੍ਰੀਮਤੀ ਰਮਨ ਅਰੋੜਾ (ਲੈਕਚਰਾਰ)

**ਸੰਯੋਜਕ** : ਸ੍ਰ. ਤੀਰਥ ਸਿੰਘ (ਸਾਬਕਾ ਲੈਕਚਰਾਰ)

## ਲੇਖਕ ਮੰਡਲ

1. **ਸ੍ਰ. ਤੀਰਥ ਸਿੰਘ**
ਸਾਬਕਾ ਲੈਕਚਰਾਰ
ਡੀ.ਆਈ.ਈ.ਟੀ., ਕੜਕੜਡੂੰਮਾ, ਦਿੱਲੀ

2. **ਸ੍ਰੀਮਤੀ ਬਲਵਿੰਦਰ ਕੌਰ ਖੁਰਾਣਾ**
ਪੀ.ਜੀ.ਟੀ.
ਐੱਸ.ਕੇ.ਵੀ. ਨੰਬਰ-2,
ਖਿਆਲਾ, ਨਵੀਂ ਦਿੱਲੀ

3. **ਸ੍ਰ. ਸੁਰਿੰਦਰਪਾਲ ਸਿੰਘ**
ਮੁਖੀ,
ਖਾਲਸਾ ਮਿਡਲ ਸਕੂਲ,
ਸਰੋਜਨੀ ਨਗਰ, ਨਵੀਂ ਦਿੱਲੀ

4. **ਸ੍ਰ. ਪ੍ਰਕਾਸ਼ ਸਿੰਘ ਗਿੱਲ**
ਪੀ.ਜੀ.ਟੀ.
ਗੁਰੂ ਹਰਿਕ੍ਰਿਸ਼ਨ ਪਬਲਿਕ ਸਕੂਲ,
ਲੋਨੀ ਰੋਡ, ਸ਼ਾਹਦਰਾ, ਦਿੱਲੀ

5. **ਸ੍ਰੀਮਤੀ ਅਰਵਿੰਦਰ ਕੌਰ**
ਟੀ.ਜੀ.ਟੀ.
ਸਰਵੋਦਿਆ ਵਿਦਿਆਲਾ,
ਨਵੀਂ ਪੁਲਿਸ ਲਾਇਨਜ਼, ਦਿੱਲੀ

6. **ਸ੍ਰੀਮਤੀ ਰਾਸ਼ੀ**
ਟੀ.ਜੀ.ਟੀ.
ਐਸ.ਐਸ.ਕੇ. ਖਾਲਸਾ ਗਰਲਜ਼ ਸੀਨੀਅਰ
ਸੈਕੰਡਰੀ ਸਕੂਲ, ਦਰਿਆਗੰਜ, ਨਵੀਂ ਦਿੱਲੀ

*ਛਾਪਕ ਅਧਿਕਾਰੀ* : ਮੁਕੇਸ਼ ਯਾਦਵ
*ਛਾਪਕ* : ਨਵੀਨ ਕੁਮਾਰ, ਰਾਧਾ ਅਤੇ ਜੈ ਭਗਵਾਨ

# ਤਤਕਰਾ


| | | | |
|---|---|---|---|
| | ਦੋ ਸ਼ਬਦ | ਡਾ. ਸੁਨੀਤਾ ਐੱਸ. ਕੌਸ਼ਿਕ | 5 |
| | ਭੂਮਿਕਾ | ਸ੍ਰੀਮਤੀ ਰਮਨ ਅਰੋੜਾ | 6 |
| | ਸਲੇਬਸ (ਛੇਵੀਂ, ਸਤਵੀਂ, ਅਠਵੀਂ, ਨੌਵੀਂ, ਦਸਵੀਂ, ਗਿਆਰ੍ਹਵੀਂ, ਬਾਰ੍ਹਵੀਂ) | | 7 |
| | ਨਮੂਨੇ ਦਾ ਪ੍ਰਸ਼ਨ ਪੱਤਰ | | 22 |
| 1. | ਪ੍ਰਸ਼ਨ-ਪੱਤਰ ਹੱਲ ਕਰਨ ਦੀ ਵਿਧੀ ਅਤੇ ਅੰਕ ਯੋਜਨਾ | ਪ੍ਰਕਾਸ਼ ਸਿੰਘ ਗਿੱਲ | 26 |
| 2. | ਸਕੂਲਾਂ 'ਚ ਪੰਜਾਬੀ ਕਲੱਬ ਦੀ ਸਥਾਪਨਾ ਅਤੇ ਗਤੀਵਿਧੀਆਂ | ਪ੍ਰਕਾਸ਼ ਸਿੰਘ ਗਿੱਲ | 30 |
| 3. | ਪੰਜਾਬੀ ਸ਼ਬਦ-ਜੋੜਾਂ ਦੇ ਕੁਝ ਨਿਯਮ | ਤੀਰਥ ਸਿੰਘ | 32 |
| 4. | ਉਚਾਰਨ | ਤੀਰਥ ਸਿੰਘ | 37 |
| 5. | ਪ੍ਰਭਾਵਸ਼ਾਲੀ ਲਿਖਣ ਕੌਸ਼ਲ | ਬਲਵਿੰਦਰ ਕੌਰ ਖੁਰਾਣਾ | 41 |
| 6. | ਕਵਿਤਾ ਦੀ ਅਧਿਆਪਨ ਵਿਧੀ | ਬਲਵਿੰਦਰ ਕੌਰ ਖੁਰਾਣਾ | 48 |
| 7. | ਵਾਰਤਕ | ਸੁਰਿੰਦਰਪਾਲ ਸਿੰਘ | 53 |
| 8. | ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਨ ਲਈ ਉਤਸਾਹਤ ਕਰਨਾ ਅਤੇ ਪੰਜਾਬੀ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ | ਸੁਰਿੰਦਰਪਾਲ ਸਿੰਘ | 58 |
| 9. | ਨਾਟਕ ਤੇ ਕਹਾਣੀ ਦੀ ਅਧਿਆਪਨ ਵਿਧੀ | ਰਾਸ਼ੀ | 61 |
| 10. | ਗਤੀਵਿਧੀ ਆਧਾਰਤ ਸਿਖਲਾਈ | ਅਰਵਿੰਦਰ ਕੌਰ | 66 |
| 11. | ਵਿਆਕਰਨ ਅਧਿਆਪਨ ਅਤੇ ਵਿਹਾਰਕ ਰੂਪ | ਅਰਵਿੰਦਰ ਕੌਰ ਤੇ ਰਾਸ਼ੀ | 73 |

# ਦੋ ਸ਼ਬਦ

ਭਾਸ਼ਾ ਮਨੁੱਖੀ ਜੀਵਨ ਦਾ ਇਕ ਅਭਿੰਨ ਅੰਗ ਹੈ, ਜਿਸ ਨਾਲ ਉਸ ਦਾ ਵਾਹ ਜਨਮ ਸਮੇਂ ਤੋਂ ਹੀ ਪੈ ਜਾਂਦਾ ਹੈ। ਆਪਣੇ ਮਨੋ-ਭਾਵਾਂ ਅਤੇ ਵਿਚਾਰਾਂ ਨੂੰ ਸੰਚਾਰ ਕਰਨ ਦਾ ਸਭ ਤੋਂ ਵੱਡਾ ਸਾਧਨ ਭਾਸ਼ਾ ਹੈ। ਬੱਚੇ ਦੇ ਸਰਬ-ਪੱਖੀ ਵਿਕਾਸ ਵਿਚ ਭਾਸ਼ਾ ਦਾ ਬਹੁਤ ਵੱਡਾ ਯੋਗਦਾਨ ਹੁੰਦਾ ਹੈ। ਗੁਰਬਾਣੀ ਵਿਚ ਕਿਹਾ ਗਿਆ ਹੈ-'ਵਿਦਿਆ ਵੀਚਾਰੀ ਤਾ ਪਰਉਪਕਾਰੀ'।

ਐੱਸ.ਸੀ.ਈ.ਆਰ.ਟੀ. ਦਿੱਲੀ ਵੱਲੋਂ ਅਧਿਆਪਕਾਂ ਦੇ ਗਿਆਨ ਵਿਚ ਵਾਧਾ ਕਰਨ ਉਹਨਾਂ ਦੇ ਮਿਆਰ ਅਤੇ ਗੁਣਵਤਾ ਨੂੰ ਉੱਚਾ ਚੁੱਕਣ, ਪਾਠ-ਕ੍ਰਮ ਵਿਚ ਆਈਆਂ ਤਬਦੀਲੀਆਂ ਤੋਂ ਜਾਣੂ ਕਰਵਾਉਣ, ਨਵੀਆਂ ਤਕਨੀਕਾਂ ਅਤੇ ਨਵੀਨ ਪਿਰਤਾਂ ਨਾਲ ਜੋੜਨ ਲਈ ਸਮੇਂ-ਸਮੇਂ 'ਤੇ ਸੇਵਾ-ਕਾਲੀਨ ਸਿਖਲਾਈ ਪ੍ਰੋਗਰਾਮ ਕਰਵਾਏ ਜਾਂਦੇ ਹਨ। ਇਸੇ ਕ੍ਰਮ ਅਧੀਨ ਪੰਜਾਬੀ ਭਾਸ਼ਾ ਦੇ ਅਧਿਆਪਕਾਂ ਲਈ ਇਕ ਸੇਵਾ-ਕਾਲੀਨ ਸਿਖਲਾਈ ਪ੍ਰੋਗਰਾਮ ਰੱਖਣ ਦਾ ਫੈਸਲਾ ਕੀਤਾ ਗਿਆ।

ਪੰਜਾਬੀ ਵਿਸ਼ੇ ਦੇ ਅਧਿਆਪਕਾਂ ਨੂੰ ਵਧੀਆ ਅਤੇ ਲੋੜੀਂਦੀ ਲਿਖਤ ਸਮਗਰੀ ਮੁਹੱਈਆ ਕਰਵਾਉਣ ਲਈ ਵਿਸ਼ੇ ਦੇ ਵਿਦਵਾਨਾਂ, ਮਾਹਿਰਾਂ ਅਤੇ ਯੋਗ ਅਧਿਆਪਕਾਂ ਦੀ ਕਾਰਜਸ਼ਾਲਾ ਦਾ ਆਯੋਜਨ ਐੱਸ.ਸੀ.ਈ.ਆਰ.ਟੀ., ਡਿਫੈਂਸ ਕਾਲੋਨੀ ਵਿਖੇ ਕੀਤਾ ਗਿਆ ਤਾਂ ਜੋ ਅਧਿਆਪਕਾਂ ਨੂੰ ਪੰਜਾਬੀ ਭਾਸ਼ਾ ਨੂੰ ਪੜ੍ਹਾਉਣ ਵਿੱਚ ਸਹੀ ਦਿਸ਼ਾ ਮਿਲ ਸਕੇ। ਇਸ ਸਮਗਰੀ ਨੂੰ ਸੰਪਾਦਿਤ ਕਰਨ, ਛਪਵਾਉਣ ਅਤੇ ਪ੍ਰਕਾਸ਼ਨ ਦੀ ਜ਼ਿੰਮੇਵਾਰੀ ਸ. ਤੀਰਥ ਸਿੰਘ ਲੈਕਚਰਾਰ, ਡੀ.ਆਈ.ਈ.ਟੀ. ਕੜਕੜਡੂੰਮਾ ਅਤੇ ਸ੍ਰੀਮਤੀ ਰਮਨ ਲੈਕਚਰਾਰ, ਐੱਸ.ਸੀ.ਈ.ਆਰ.ਟੀ. ਡਿਫੈਂਸ ਕਾਲੋਨੀ ਦੇ ਸੁਯੋਗ ਹੱਥਾਂ ਵਿਚ ਸੌਂਪੀ ਗਈ। ਜਿਸਦੇ ਸਿੱਟੇ ਵਜੋਂ ਇਹ ਸਮੱਗਰੀ ਤਿਆਰ ਹੋ ਕੇ ਅਧਿਆਪਕਾਂ ਦੇ ਹੱਥਾਂ ਤੱਕ ਪਹੁੰਚ ਸਕੀ ਹੈ।

ਉਮੀਦ ਕਰਦੇ ਹਾਂ ਕਿ ਇਹ ਬਹੁਮੁੱਲੀ ਸਮੱਗਰੀ ਜਿੱਥੇ ਅਧਿਆਪਕਾਂ ਦੀ ਸੁਚੱਜੀ ਅਗਵਾਈ ਕਰੇਗੀ, ਉੱਥੇ ਵਿਦਿਆਰਥੀਆਂ ਦੇ ਮਿਆਰ ਨੂੰ ਉੱਚਾ ਚੁੱਕਣ ਵਿਚ ਵੀ ਸਹਾਈ ਹੋਵੇਗੀ। ਐੱਸ.ਸੀ.ਈ.ਆਰ.ਟੀ. ਅਧਿਆਪਕਾਂ ਵੱਲੋਂ ਆਏ ਸੁਝਾਵਾਂ ਦਾ ਸੁਆਗਤ ਕਰੇਗੀ।

**ਡਾ. ਸੁਨੀਤਾ ਐਸ. ਕੌਸ਼ਿਕ**
ਡਾਇਰੈਕਟਰ
ਐੱਸ.ਸੀ.ਈ.ਆਰ.ਟੀ., ਦਿੱਲੀ

# ਭੂਮਿਕਾ

ਭਾਸ਼ਾ ਇੱਕ ਇਹੋ ਜਿਹਾ ਸਾਧਨ ਹੈ, ਜਿਸਦੇ ਰਾਹੀਂ ਅਸੀਂ ਆਪਣੀ ਗੱਲ ਅਤੇ ਵਿਚਾਰ ਦੂਜਿਆਂ ਨਾਲ ਸਾਂਝਾ ਕਰਦੇ ਹਾਂ ਅਤੇ ਜੇ ਗੱਲ ਪੰਜਾਬੀ ਦੀ ਹੋਵੇ ਤਾਂ ਇਸ ਭਾਸ਼ਾ ਦੀ ਵਰਤੋਂ ਗੁਰੂਆਂ, ਪੀਰਾਂ ਅਤੇ ਭਗਤਾਂ ਨੇ ਮਨੁੱਖੀ ਪਿਆਰ ਅਤੇ ਰੱਬੀ ਭਗਤੀ ਵਾਸਤੇ ਕੀਤੀ ਹੈ, ਇਸ ਕਾਰਨ ਪੰਜਾਬੀ ਮਿੱਠੀ ਅਤੇ ਸਤਿਕਾਰਯੋਗ ਭਾਸ਼ਾ ਬਣ ਗਈ। ਪੰਜਾਬੀ ਸਾਹਿਤ ਸਾਨੂੰ ਸਮਾਜਕ ਭਾਈਚਾਰੇ ਅਤੇ ਮਿਲਵਰਤਣ ਦੀ ਹੀ ਪ੍ਰੇਰਨਾ ਦਿੰਦਾ ਹੈ।

ਦਿੱਲੀ ਦੇ ਸਕੂਲਾਂ ਵਿੱਚ ਪੰਜਾਬੀ ਭਾਸ਼ਾ ਪੜ੍ਹਾਉਣ ਵਾਲੇ ਅਧਿਆਪਕਾਂ ਲਈ ਐੱਸ.ਸੀ.ਈ.ਆਰ.ਟੀ. ਵੱਲੋਂ ਸੈਮੀਨਾਰ ਕਰਵਾਇਆ ਜਾ ਰਿਹਾ ਹੈ। ਇਸ ਨੂੰ ਸਫ਼ਲ ਬਣਾਉਣ ਲਈ ਇੱਕ ਵਰਕਸ਼ਾਪ ਐੱਸ.ਸੀ.ਈ.ਆਰ.ਟੀ. ਵਿਖੇ ਕਰਵਾਈ ਗਈ ਜਿਸ ਵਿੱਚ ਪੰਜਾਬੀ ਵਿਸ਼ੇ ਦੇ ਅਧਿਆਪਕਾਂ ਦੀਆਂ ਅਧਿਆਪਨ ਸਬੰਧੀ ਜ਼ਰੂਰਤਾਂ ਨੂੰ ਸਾਹਮਣੇ ਰੱਖਦੇ ਹੋਏ ਇੱਕ ਅਧਿਆਪਨ ਸਹਾਇਕ ਸਮਗਰੀ ਪੁਸਤਿਕਾ ਤਿਆਰ ਕੀਤੀ ਗਈ ਹੈ।

ਉਮੀਦ ਹੈ ਕਿ ਇਹ ਸਮਗਰੀ ਅਧਿਆਪਕਾਂ ਅਤੇ ਵਿਦਿਆਰਥੀਆਂ ਦੇ ਲਈ ਲਾਹੇਵੰਦ ਹੋਵੇਗੀ। ਇਸ ਦੇ ਪ੍ਰਕਾਸ਼ਨ ਦੇ ਕੰਮ ਲਈ ਮਿਲੇ ਉਤਸ਼ਾਹ ਲਈ ਐੱਸ.ਸੀ.ਈ.ਆਰ.ਟੀ. ਡਾਇਰੈਕਟਰ ਡਾ. ਸੁਨੀਤਾ ਐਸ. ਕੌਸ਼ਿਕ ਅਤੇ ਜੁਆਇੰਟ ਡਾਇਰੈਕਟਰ ਡਾ. ਨਾਹਰ ਸਿੰਘ ਜੀ ਦਾ ਮੈਂ ਦਿਲੋਂ ਧੰਨਵਾਦ ਕਰਦੀ ਹਾਂ।

ਇਸ ਕੰਮ ਨੂੰ ਸਿਰੇ ਚੜ੍ਹਾਉਣ ਲਈ ਮੈਂ ਵਿਸ਼ੇ ਦੇ ਮਾਹਿਰਾਂ, ਵਿਦਵਾਨਾਂ ਅਤੇ ਅਧਿਆਪਕਾਂ ਦੀ ਵੀ ਧੰਨਵਾਦੀ ਹਾਂ।

ਅਧਿਆਪਕਾਂ ਵੱਲੋਂ ਆਏ ਸੁਝਾਵਾਂ ਦਾ ਹਮੇਸ਼ਾ ਸੁਆਗਤ ਕੀਤਾ ਜਾਵੇਗਾ।

**ਸ੍ਰੀਮਤੀ ਰਮਨ ਅਰੋੜਾ**
ਲੈਕਚਰਾਰ
ਐੱਸ.ਸੀ.ਈ.ਆਰ.ਟੀ., ਦਿੱਲੀ

## ਮਹੀਨਾਵਾਰ ਸਲੇਬਸ
## ਜਮਾਤ–VI (2018–19)

## ਪਹਿਲੀ ਛਿਮਾਹੀ - ਅਪਰੈਲ ਤੋਂ ਸਤੰਬਰ

### ਮਾਣਕ ਮਾਲਾ ਭਾਗ–1

| | | |
|---|---|---|
| ਅਪਰੈਲ | ਪਾਠ–1 | ਮੁਕਤਾ, ਕੰਨਾ ਤੇ ਅੱਖਰ ਬਣਤਰ |
| | ਪਾਠ–2 | ਸਿਹਾਰੀ, ਬਿਹਾਰੀ, ਅਧਕ ਤੇ ਅੱਖਰ ਬਣਤਰ |
| | ਪਾਠ–3 | ਔਂਕੜ, ਦੁਲੈਂਕੜ ਤੇ ਅੱਖਰ ਬਣਤਰ |
| ਮਈ | ਪਾਠ–4 | ਲਾਵਾਂ, ਦੁਲਾਵਾਂ ਤੇ ਅੱਖਰ ਬਣਤਰ |
| ਜੁਲਾਈ | ਪਾਠ–5 | ਹੋੜਾ, ਕਨੋੜਾ ਤੇ ਪੂਰੀ ਗੁਰਮੁਖੀ ਲਿਪੀ |
| | ਪਾਠ–6 | ਗੁਰਮੁਖੀ ਅੱਖਰ, ਲਗਾਂ–ਲਗਾਖਰ |
| | ਪਾਠ–7 | ਭਾਈ ਘੱਨਈਆ ਜੀ |
| ਅਗਸਤ | ਪਾਠ–8 | ਵੀਰ ਦਾ ਵਿਆਹ (ਕਵਿਤਾ) |
| | ਪਾਠ–9 | ਅੰਗੂਰ ਮਿੱਠੇ ਹਨ (ਕਹਾਣੀ) |

### ਪਾਠਾਂ ਸੰਬੰਧੀ ਪ੍ਰਸ਼ਨ–ਉੱਤਰ ਅਤੇ ਭਾਸ਼ਾ ਤੇ ਵਿਆਕਰਨ

| | |
|---|---|
| ਜੁਲਾਈ | ਮਹੀਨਿਆਂ ਦੇ ਨਾਂ, ਫਲ਼ਾਂ ਦੇ ਨਾਂ, ਰੰਗਾਂ ਦੇ ਨਾਂ<br>ਲੇਖ—ਮਾਂ ਬਾਰੇ ਦਸ ਲਾਈਨਾਂ ਲਿਖੋ, ਆਪਣੇ ਬਾਰੇ ਦਸ ਲਾਈਨਾਂ ਲਿਖੋ। |
| ਅਗਸਤ | ਪੱਤਰ—ਪ੍ਰਿੰਸੀਪਲ ਸਾਹਿਬ ਨੂੰ ਬਿਮਾਰੀ ਦੀ ਛੁੱਟੀ ਲਈ ਬੇਨਤੀ ਪੱਤਰ ਲਿਖੋ। |
| ਸਤੰਬਰ | ਦੁਹਰਾਈ ਤੇ ਐਸ.ਏ.–1 ਪਰੀਖਿਆ। |

## ਦੂਜੀ ਛਿਮਾਹੀ—ਅਕਤੂਬਰ ਤੋਂ ਮਾਰਚ

| | | |
|---|---|---|
| ਅਕਤੂਬਰ | ਪਾਠ–10 | ਥੈਲੀਧਾਰੀ ਜਾਨਵਰ ਕੁਆਲਾ (ਲੇਖ) |
| | ਪਾਠ–11 | ਨਿੱਕੀ (ਕਵਿਤਾ) |
| | ਪਾਠ–12 | ਭੰਡਾ ਭੰਡਾਰੀਆ (ਲੇਖ) |
| | ਪਾਠ–13 | ਕੁਦਰਤ ਦੀ ਖੇਡ (ਕਵਿਤਾ) |

| | | |
|---|---|---|
| ਨਵੰਬਰ | ਪਾਠ–14 ਦੋ ਬੱਕਰੀਆਂ |
| | ਪਾਠ–15 ਦਿੱਲੀ (ਕਵਿਤਾ) |
| ਦਸੰਬਰ | ਪਾਠ–16 ਬਹਾਦਰ ਬੱਚੇ (ਲੇਖ) |
| | ਪਾਠ–17 ਮਹਾਤਮਾ ਬੁੱਧ (ਜੀਵਨੀ) |
| ਜਨਵਰੀ | ਪਾਠ–18 ਚਿੜੀ, ਰੁੱਖ ਅਤੇ ਬਿੱਲੀ (ਕਹਾਣੀ) |
| | ਪਾਠ–6 ਗੁਰਮੁਖੀ ਅੱਖਰ, ਲਗਾਂ-ਲਗਾਖਰ (ਦੁਹਰਾਈ) |

## ਪਾਠਾਂ ਸੰਬੰਧੀ ਪ੍ਰਸ਼ਨ–ਉੱਤਰ ਅਤੇ ਭਾਸ਼ਾ ਤੇ ਵਿਆਕਰਨ

| | |
|---|---|
| ਦਸੰਬਰ | ਲੇਖ—ਮੇਰਾ ਮਿੱਤਰ/ਸਹੇਲੀ, ਮੇਰਾ ਸਕੂਲ |
| ਜਨਵਰੀ | ਪੱਤਰ—ਪ੍ਰਿੰਸੀਪਲ ਸਾਹਿਬ ਨੂੰ ਬਿਮਾਰੀ ਦੀ ਛੁੱਟੀ ਲਈ ਬਿਨੈ-ਪੱਤਰ ਲਿਖੋ। |
| | ਪ੍ਰਿੰਸੀਪਲ ਸਾਹਿਬ ਨੂੰ ਜਰੂਰੀ ਕੰਮ ਦੀ ਛੁੱਟੀ ਲਈ ਬਿਨੈ-ਪੱਤਰ ਲਿਖੋ। |
| | ਪਾਠ–6 ਗੁਰਮੁਖੀ ਅੱਖਰ, ਲਗਾਂ-ਲਗਾਖਰ। |
| ਫਰਵਰੀ | ਦੁਹਰਾਈ ਤੇ ਐਸ.ਏ.–II ਪਰੀਖਿਆ। |

## ਮਹੀਨਾਵਾਰ ਸਲੇਬਸ
## ਜਮਾਤ-VII (2018-19)

## ਪਹਿਲੀ ਛਿਮਾਹੀ—ਅਪਰੈਲ ਤੋਂ ਸਤੰਬਰ

### ਮਾਣਕ ਮਾਲਾ ਭਾਗ-2

| | | |
|---|---|---|
| ਅਪਰੈਲ | ਪਾਠ-1 | ਮਾਂ ਦਾ ਪਿਆਰ (ਕਵਿਤਾ) |
| | ਪਾਠ-2 | ਕੰਮ ਅਤੇ ਭਗਤੀ (ਕਹਾਣੀ) |
| | ਪਾਠ-3 | ਹੁਣ ਚੀਜ਼ਾਂ ਨਹੀਂ ਗੁਆਚਦੀਆਂ (ਲੇਖ) |
| ਮਈ | ਪਾਠ-4 | ਇਕ ਯਾਦਗਾਰੀ ਸਫ਼ਰ (ਯਾਤਰਾ) |
| ਜੁਲਾਈ | ਪਾਠ-5 | ਬਲਬ ਦਾ ਭੂਤ (ਕਹਾਣੀ) |
| | ਪਾਠ-6 | ਭਾਰਤ ਮਾਤਾ (ਕਵਿਤਾ) |
| | ਪਾਠ-7 | ਸਿੱਖਿਆ (ਕਹਾਣੀ) |
| ਅਗਸਤ | ਪਾਠ-8 | ਸਾਡੇ ਜੀਵਨ ਵਿਚ ਰੁੱਖ (ਲੇਖ) |
| | ਪਾਠ-9 | ਤੇਜਸਵੀ ਰਾਸ਼ਟਰਪਤੀ ਡਾ. ਅਬਦੁਲ ਕਲਾਮ (ਜੀਵਨੀ) |
| | ਪਾਠ-10 | ਮਾਂ ਬੋਲੀ ਪੰਜਾਬੀ (ਕਵਿਤਾ) |

### ਪਾਠਾਂ ਸੰਬੰਧੀ ਪ੍ਰਸ਼ਨ ਉੱਤਰ ਅਤੇ ਭਾਸ਼ਾ ਤੇ ਵਿਆਕਰਨ

| | |
|---|---|
| ਜੁਲਾਈ | ਲੇਖ—ਰੁੱਖਾਂ ਦੇ ਲਾਭ<br>ਪੱਤਰ—ਸਕੂਲ ਦੇ ਪ੍ਰਿੰਸੀਪਲ ਸਾਹਿਬ ਨੂੰ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ। |
| ਅਗਸਤ | ਰੱਖੜੀ, 15 ਅਗਸਤ<br>ਪਿਤਾ ਜੀ ਤੋਂ ਪੈਸੇ ਮੰਗਵਾਉਣ ਲਈ ਪੱਤਰ ਲਿਖੋ। |
| ਸਤੰਬਰ | ਦੁਹਰਾਈ ਤੇ ਐਸ.ਏ.-1 ਪਰੀਖਿਆ |

## ਦੂਜੀ ਛਿਮਾਹੀ—ਅਕਤੂਬਰ ਤੋਂ ਮਾਰਚ

| | | |
|---|---|---|
| ਅਕਤੂਬਰ | ਪਾਠ-11 | ਸਭ ਤੋਂ ਗਰੀਬ ਆਦਮੀ (ਕਹਾਣੀ) |
| | ਪਾਠ-12 | ਅੱਖੀਆਂ (ਕਵਿਤਾ) |
| | ਪਾਠ-13 | ਪੰਛੀਆਂ ਦੇ ਹਸਪਤਾਲ ਦੀ ਯਾਤਰਾ (ਲੇਖ) |

| | |
|---|---|
| ਨਵੰਬਰ | ਪਾਠ–14 ਥਾਣੇਦਾਰੀ (ਕਹਾਣੀ)<br>ਪਾਠ–15 ਕਲਾਕਾਰ (ਕਵਿਤਾ) |
| ਦਸੰਬਰ | ਪਾਠ–16 ਬੁਲੰਦ ਹੌਂਸਲੇ ਦੀ ਮਿਸਾਲ ਰਜਿੰਦਰ ਸਿੰਘ ਰਹੇਲੂ (ਜੀਵਨੀ)<br>ਪਾਠ–17 ਕੰਜੂਸ (ਕਹਾਣੀ)<br>ਪਾਠ–3 ਹੁਣ ਚੀਜ਼ਾਂ ਨਹੀਂ ਗੁਆਚਦੀਆਂ (ਦੁਹਰਾਈ)<br>ਪਾਠ–18 ਹੋਲੀ (ਕਵਿਤਾ) |
| ਜਨਵਰੀ | ਪਾਠ–20 ਟੂਣਾ (ਇਕਾਂਗੀ)<br>ਪਾਠ–21 ਲੋਕ ਗੀਤ<br>ਪਾਠ–8 ਸਾਡੇ ਜੀਵਨ ਵਿਚ ਰੁੱਖ (ਦੁਹਰਾਈ) |

## ਪਾਠਾਂ ਨਾਲ ਸੰਬੰਧੀ ਪ੍ਰਸ਼ਨ ਉੱਤਰ ਅਤੇ ਭਾਸ਼ਾ ਤੇ ਵਿਆਕਰਨ

| | |
|---|---|
| ਅਕਤੂਬਰ | ਲੇਖ—ਦਿਵਾਲੀ |
| ਨਵੰਬਰ | ਗੁਰੂ ਨਾਨਕ ਦੇਵ ਜੀ, ਲੋਹੜੀ |
| ਦਸੰਬਰ | ਪੱਤਰ–ਪ੍ਰਿੰਸੀਪਲ ਸਾਹਿਬ ਨੂੰ ਭੈਣ/ਭਰਾ ਦੇ ਵਿਆਹ ਵਿਚ ਸ਼ਾਮਲ ਹੋਣ ਲਈ ਇਕ ਹਫਤੇ ਦੀ ਛੁੱਟੀ ਲਈ ਬਿਨੈ–ਪੱਤਰ ਲਿਖੋ। |

## ਮਹੀਨਾਵਾਰ ਸਲੇਬਸ
## ਜਮਾਤ-VIII (2018-19)

## ਪਹਿਲੀ ਛਿਮਾਹੀ—ਅਪਰੈਲ ਤੋਂ ਸਤੰਬਰ

### ਮਾਣਕ ਮਾਲਾ ਭਾਗ-3

| | |
|---|---|
| ਅਪਰੈਲ | ਪਾਠ-1 ਕਿੰਨਾ ਸੁਹਣਾ ਦੇਸ ਇਹ ਸਾਡਾ (ਗੀਤ)<br>ਪਾਠ-2 ਸਬਕ (ਹਿੰਦੀ) |
| ਮਈ | ਪਾਠ-3 ਪੌਂਗਲ (ਲੇਖ) |
| ਜੁਲਾਈ | ਪਾਠ-4 ਦਸ ਰੁਪਏ ਦਾ ਅਜੀਬ ਨੋਟ (ਕਹਾਣੀ)<br>ਪਾਠ-5 ਕਸ਼ਮੀਰ ਘਾਟੀ (ਲੇਖ)<br>ਪਾਠ-6 ਪਾਂਡੀ ਪਾਤਸ਼ਾਹ (ਕਵਿਤਾ) |
| ਅਗਸਤ | ਪਾਠ-7 ਇਕ ਨਵੀਂ ਸਵੇਰ ਦੀ ਦਾਸਤਾਨ : ਅਰੁਨਿਮਾ ਸਿਨਹਾ (ਜੀਵਨੀ)<br>ਪਾਠ-8 ਮਹਿੰਗੀ ਮਿਲੀ ਅਜ਼ਾਦੀ (ਵਾਰਤਾਲਾਪ)<br>ਪਾਠ-9 ਦਿੱਲੀ ਦਾ ਰਾਜ ਪੰਛੀ - ਚਿੜੀ (ਲੇਖ)<br>ਪਾਠ-10 ਰਲ ਬੈਠਣ ਦੀ ਬਰਕਤ (ਕਹਾਣੀ) |

### ਪਾਠਾਂ ਸੰਬੰਧੀ ਪ੍ਰਸ਼ਨ-ਉੱਤਰ ਅਤੇ ਭਾਸ਼ਾ ਤੇ ਵਿਆਕਰਨ

| | |
|---|---|
| ਜੁਲਾਈ | ਲੇਖ—ਭਗਤ ਸਿੰਘ, ਖੇਡਾਂ ਦਾ ਮਹੱਤਵ<br>ਮੁਹੱਲੇ ਦੀ ਸਫਾਈ ਲਈ ਸਿਹਤ ਅਧਿਕਾਰੀ ਨੂੰ ਸ਼ਿਕਾਇਤ ਪੱਤਰ ਲਿਖੋ। |
| ਅਗਸਤ | ਲੇਖ—ਕੋਈ ਰਾਸ਼ਟਰੀ ਤਿਉਹਾਰ<br>ਪੱਤਰ—ਮਿੱਤਰ ਨੂੰ ਪਾਸ ਹੋਣ 'ਤੇ ਵਧਾਈ ਪੱਤਰ ਲਿਖੋ।<br>ਸਕੂਲ ਦੇ ਪ੍ਰਿੰਸੀਪਲ ਨੂੰ ਵਿਸ਼ਾ ਬਦਲਣ ਲਈ ਬਿਨੈ-ਪੱਤਰ ਲਿਖੋ। |

## ਦੂਜੀ ਛਿਮਾਹੀ—ਅਕਤੂਬਰ ਤੋਂ ਮਾਰਚ

| | |
|---|---|
| ਅਕਤੂਬਰ | ਪਾਠ-11 ਦਿੱਲੀ ਦਾ ਸਾਂਝਾ ਮੇਲਾ (ਲੇਖ)<br>ਪਾਠ-12 ਇਕ ਪਿਆਲਾ ਪਾਣੀ (ਕਵਿਤਾ)<br>ਪਾਠ-13 ਬੁੱਧੀਮਤੀ ਅਤੇ ਸ਼ੇਰ (ਲੋਕ ਕਥਾ) |

| | | |
|---|---|---|
| ਨਵੰਬਰ | ਪਾਠ–14 | ਰੁੱਖਾਂ ਨੂੰ ਗਲਵਕੜੀ (ਲੇਖ) |
| | ਪਾਠ–15 | ਹਿੰਮਤ ਦੀ ਫਤਿਹ (ਕਵਿਤਾ) |
| | ਪਾਠ–16 | ਯਖ ਤੇ ਯੁਧਿਸ਼ਟਰ ਵਾਰਤਾਲਾਪ (ਪੌਰਾਣਿਕ ਕਥਾ) |
| ਦਸੰਬਰ | ਪਾਠ–17 | ਨਿਰਭਉ (ਕਹਾਣੀ) |
| | ਪਾਠ–18 | ਕਰਤਾਰ ਸਿੰਘ ਸਰਾਭਾ (ਜੀਵਨੀ) |
| | ਪਾਠ–19 | ਆਈ ਏ ਬਸੰਤ (ਕਵਿਤਾ) |
| | ਪਾਠ–2 | ਸਬਕ (ਕਹਾਣੀ) |
| | ਪਾਠ–4 | ਦਸ ਰੁਪਏ ਦਾ ਅਜੀਬ ਨੋਟ (ਦੁਹਰਾਈ) |
| ਜਨਵਰੀ | ਪਾਠ–20 | ਰਿੱਛ ਦੀ ਗੁਫਾ (ਯਾਤਰਾ) |
| | ਪਾਠ–22 | ਜੰਗਲਮ–ਮੰਗਲਮ (ਇਕਾਂਗੀ) |
| | ਪਾਠ–23 | ਮਾਂ ਬੋਲੀ ਦਾ ਸਾਗਰ (ਕਵਿਤਾ) |
| | ਪਾਠ–6 | ਪਾਂਡੀ ਪਾਤਸ਼ਾਹ (ਕਵਿਤਾ)–ਦੁਹਰਾਈ |

**ਨੋਟ –** ਅਧਿਆਪਕ ਸਾਥੀਆਂ ਨੂੰ ਬੇਨਤੀ ਹੈ ਕਿ ਸਿੱਖਿਆ ਵਿਭਾਗ ਵੱਲੋਂ ਜੇ ਮਿਡਲ ਜਮਾਤਾਂ ਦੇ ਪਾਠ-ਕ੍ਰਮ ਵਿੱਚ ਤਬਦੀਲੀ ਹੁੰਦੀ ਹੈ ਤਾਂ ਉਸ ਪ੍ਰਤੀ ਸੁਚੇਤ ਰਹਿਣ ਅਤੇ ਨਵੇਂ ਪਾਠ-ਕ੍ਰਮ ਅਨੁਸਾਰ ਹੀ ਕੰਮ ਕਰਨ।

**ਪੰਜਾਬੀ-004**
**ਸੈਕੰਡਰੀ ਸਕੂਲ ਪਾਠ-ਕ੍ਰਮ**
**ਜਮਾਤ ਨੌਂਵੀਂ/ਦਸਵੀਂ**
**(ਅਪਰੈਲ 2018 ਤੋਂ ਮਾਰਚ 2019)**

## ਪੰਜਾਬੀ ਭਾਸ਼ਾ ਸਿੱਖਣ ਦੇ ਉਦੇਸ਼

ਪੰਜਾਬੀ ਭਾਸ਼ਾ ਦੇ ਗਿਆਨ ਨੂੰ ਸਮਝ ਕੇ ਉਸਦੀ ਢੁਕਵੀਂ ਵਰਤੋਂ ਦੇ ਯੋਗ ਬਣਾਉਣਾ ਤੇ ਸਾਹਿਤ ਦੀਆਂ ਵੱਖ-ਵੱਖ ਵਿਧਾਵਾਂ-ਕਵਿਤਾ, ਨਾਟਕ, ਨਾਵਲ, ਕਹਾਣੀ ਅਤੇ ਵਾਰਤਕ ਤੋਂ ਜਾਣੂੰ ਕਰਾਉਣਾ ਤਾਂ ਕਿ ਵਿਦਿਆਰਥੀ ਭਾਸ਼ਾ ਦੇ ਵੱਖ-ਵੱਖ ਕੌਸ਼ਲਾਂ ਵਿੱਚ ਨਿਪੁੰਨ ਹੋ ਕੇ ਆਪਣੀ ਬਹੁਪੱਖੀ ਪ੍ਰਤਿਭਾ ਦਾ ਵਿਕਾਸ ਕਰ ਸਕਣ। ਭਾਸ਼ਾ ਦਾ ਮੂਲ ਉਦੇਸ਼ ਵਿਦਿਆਰਥੀਆਂ ਨੂੰ ਪੰਜਾਬੀ ਸਾਹਿਤਕ ਵਿਰਸੇ ਨਾਲ ਜੋੜਨਾ ਹੈ।

ਵਿਦਿਆਰਥੀਆਂ ਦੀ ਛੁਪੀ ਜਾਂ ਲੁਕੀ ਹੋਈ ਪ੍ਰਤਿਭਾ ਨੂੰ ਬਾਹਰ ਲਿਆਉਣ ਲਈ ਬੋਰਡ ਵੱਲੋਂ ਸਲਾਨਾ ਪਰੀਖਿਆ ਦੇ ਨਾਲ-ਨਾਲ ਆਂਤਰਿਕ ਮੁਲਾਂਕਣ ਲਈ 20 ਅੰਕ ਰਾਖਵੇਂ ਰੱਖੇ ਗਏ ਹਨ। ਜਿਸ ਦੇ ਤਹਿਤ

| | |
|---|---|
| **10 ਅੰਕ** | **ਲਿਖਤੀ ਪ੍ਰੀਖਿਆ (ਜਮਾਤ ਟੈਸਟ)** |
| **5 ਅੰਕ** | **ਪ੍ਰੋਜੈਕਟ, ਜਮਾਤ ਅਤੇ ਘਰ ਦਾ ਕੰਮ, ਮੁਲਾਂਕਣ ਪੱਤਰ 'ਤੇ ਅਧਾਰਿਤ** |
| **5 ਅੰਕ** | **ASL (ਸਿਰਫ਼ ਸੁਣਨ, ਬੋਲਣ 'ਤੇ ਸਮਝਣ ਉੱਤੇ ਅਧਾਰਿਤ)** |

ਇਹਨਾਂ ਗਤੀਵਿਧੀਆਂ ਦਾ ਮੁਲਾਂਕਣ ਵਿਸ਼ੇ ਨਾਲ ਸੰਬੰਧਤ ਅਧਿਆਪਕ ਤੇ ਸਕੂਲ ਪ੍ਰਿੰਸੀਪਲ ਵੱਲੋਂ ਨਿਰਧਾਰਤ ਅਧਿਆਪਕ ਦੀ ਨਿਗਰਾਨੀ ਵਿੱਚ ਪੜ੍ਹਨ ਸੰਬੰਧੀ (Comprehension), ਲਿਖਣ ਕੌਸ਼ਲ (Writing Skill), ਬੋਲਣ ਕੌਸ਼ਲ (Speaking Skill) ਅਨੁਸਾਰ ਕੀਤਾ ਜਾਵੇਗਾ।

| **ਦਿਵਯਾਂਗ ਵਿਦਿਆਰਥੀਆਂ ਲਈ** | |
|---|---|
| ਅਗਰ ਵਿਦਿਆਰਥੀ ਨਾ ਬੋਲ ਸਕਦਾ ਹੈ ਤੇ ਨਾ ਹੀ ਸੁਣ ਸਕਦਾ ਹੈ<br>ਜਾਂ<br>ਕੇਵਲ ਸੁਣ ਸਕਦਾ ਹੈ ਪਰ ਬੋਲ ਨਹੀਂ ਸਕਦਾ<br>ਜਾਂ<br>ਕੇਵਲ ਬੋਲ ਸਕਦਾ ਹੈ ਪਰ ਸੁਣ ਨਹੀਂ ਸਕਦਾ | ਵਿਦਿਆਰਥੀ ਦੇ ਬੋਲਣ ਤੇ ਸੁਣਨ ਕੌਸ਼ਲ ਲਈ ਉਹ ਆਪਣੀ ਮਨਪਸੰਦ ਵਿਸ਼ੇ ਤੇ ਕੋਈ ਵੀ ਕਹਾਣੀ ਲਿਖ ਸਕਦਾ ਹੈ।<br>ਜਿਸ ਵਿੱਚ ਉਸਦੀ ਸਿਰਜਣਾਤਮਕ ਤੇ ਕਲਪਨਾ ਸ਼ਕਤੀ ਦਾ ਨਿਰੀਖਣ ਕੀਤਾ ਜਾ ਸਕਦਾ ਹੈ।<br><br>**ਸ਼ਬਦਾਂ ਦੀ ਸੀਮਾ**<br>ਨੌਂਵੀਂ ਜਮਾਤ ਲਈ 150-200 ਸ਼ਬਦ<br>ਦਸਵੀਂ ਜਮਾਤ ਲਈ 250-300 ਸ਼ਬਦ |

## ਪੰਜਾਬੀ–004
## (ਨੌਵੀਂ)
## (ਅਪਰੈਲ 2018 ਤੋਂ ਮਾਰਚ 2019)
## ਸਲਾਨਾ ਪਰੀਖਿਆ

**ਕੁਲ ਅੰਕ 80**

| | | |
|---|---|---|
| **I.** | **ਪੜ੍ਹਨ–ਕੌਸ਼ਲ (Reading Skill)** | **15** |
| 1. | ਅਣਡਿੱਠਾ ਪੈਰਾ (ਵਾਰਤਕ) 200–250 ਸ਼ਬਦਾਂ ਵਿੱਚ ਪੰਜ ਛੋਟੇ ਪ੍ਰਸ਼ਨ (2+2+2+2+1) ਇੱਕ ਅੰਕ ਸਿਰਲੇਖ ਲਈ | 9 |
| 2. | ਅਣਡਿੱਠੀ ਕਾਵਿ–ਟੁਕੜੀ ਨਾਲ ਸੰਬੰਧਿਤ (ਤਿੰਨ ਪ੍ਰਸ਼ਨ) | (3×2=6) |
| **II.** | **ਵਿਆਕਰਨ (ਬਹੁਵਿਕਲਪੀ ਅਤੇ ਛੋਟੇ ਪ੍ਰਸ਼ਨ) (Grammar)** | **15** |
| 1. | ਵਿਰੋਧੀ ਸ਼ਬਦ (ਬਹੁਵਿਕਲਪੀ) | 3 |
| 2. | ਲਿੰਗ (ਬਹੁਵਿਕਲਪੀ) | 3 |
| 3. | ਸ਼ਬਦ ਸ਼ੁੱਧੀ (ਵਾਕ ਰੂਪ ਵਿੱਚ) | 3 |
| 4. | ਵਿਸਮਿਕ (ਭੇਦਾਂ ਦੀ ਪਰਿਭਾਸ਼ਾ ਸਮੇਤ) | 3 |
| 5. | ਮੁਹਾਵਰੇ (ੳ ਤੋਂ ਹ ਤੱਕ) | 3 |
| **III.** | **ਪ੍ਰਭਾਵਸ਼ਾਲੀ ਲਿਖਣ–ਕੌਸ਼ਲ (Writing Skill)** | **25** |
| 1. | ਲੇਖ–ਰਚਨਾ (ਵਿਚਾਰ ਪ੍ਰਧਾਨ ਅਤੇ ਆਮ ਵਿਸ਼ੇ) 200 ਸ਼ਬਦ | 10 |
| 2. | ਪੱਤਰ–ਰਚਨਾ (ਨਿੱਜੀ/ਦਫ਼ਤਰੀ) | 08 |
| 3. | ਚਿੱਤਰ (ਫੋਟੋ)/ਤਸਵੀਰ (ਦ੍ਰਿਸ਼) ਦੇ ਆਧਾਰ ’ਤੇ ਵਰਨਣ (50 ਸ਼ਬਦਾਂ ਵਿੱਚ) | 07 |
| **IV.** | **ਪਾਠ–ਪੁਸਤਕਾਂ ’ਤੇ ਅਧਾਰਿਤ (Text Books)** | **25** |
| 1. | ਅਤਿ ਛੋਟੇ ਪ੍ਰਸ਼ਨ–ਇੱਕ ਵਾਕ ਜਾਂ ਇੱਕ ਸਤਰ ਵਾਲੇ (ਕਹਾਣੀ, ਵਾਰਤਕ ਤੇ ਜੀਵਨੀ ਵਿੱਚੋਂ) | (4×1=4) |
| 2. | ਛੋਟੇ ਪ੍ਰਸ਼ਨ–ਉੱਤਰ 2 ਅੰਕ ਵਾਲੇ (25 ਤੋਂ 30 ਸ਼ਬਦਾਂ ਵਿੱਚ) (ਕਹਾਣੀ ਤੇ ਜੀਵਨੀ ਵਿੱਚੋਂ) | (6×2=12) |
| 3. | ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਕਵਿਤਾ, ਵਾਰਤਕ ਵਿਚੋਂ) (ਚੋਣ ਅਧਾਰਿਤ) | (1×5=5) |
| 4. | ਇਕਾਂਗੀ ’ਚੋਂ (ਚੋਣ ਅਧਾਰਿਤ) | (1×4=4) |

# ਨਿਰਧਾਰਤ ਪਾਠ-ਪੁਸਤਕਾਂ

**1. ਸਾਹਿਤਕ ਕਿਰਨਾਂ-1**

ਕਾਵਿ-ਰਚਨਾਵਾਂ - 1. ਜੇ ਤੂੰ ਅਕਲਿ ਲਤੀਫ਼ (ਸ਼ੇਖ ਫ਼ਰੀਦ)
2. ਸਿੰਮਲ ਰੁਖੁ ਸਰਾਇਰਾ (ਗੁਰੂ ਨਾਨਕ ਦੇਵ ਜੀ)
3. ਸਮਾਂ (ਭਾਈ ਵੀਰ ਸਿੰਘ)
4. ਮੈਂ ਪੰਜਾਬੀ, ਪੰਜਾਬ ਦੇ ਰਹਿਣ ਵਾਲਾ (ਫੀਰੋਜ਼ਦੀਨ ਸ਼ਰਫ਼)
5. ਰੁੱਖ (ਸ਼ਿਵ ਕੁਮਾਰ ਬਟਾਲਵੀ)
6. ਨਿਰਧਨ (ਨੰਦ ਲਾਲ ਨੂਰਪਰੀ)

ਵਾਰਤਕ - 1. ਕਬੱਡੀ (ਪ੍ਰਿੰ. ਸਰਵਣ ਸਿੰਘ)
2. ਮਹਾਤਮਾ ਬੁੱਧ ਦੀਆਂ ਸੂਖਮਤਾਈਆਂ (ਗੁਰਨਾਮ ਸਿੰਘ ਤੀਰ)
3. ਗੱਪਬਾਜ਼ (ਪਿਆਰਾ ਸਿੰਘ ਦਾਤਾ)
4. ਸਵੈ-ਰੱਖਿਆ (ਸਾਧੂ ਸਿੰਘ ਆਂਚਲ)
5. ਪੰਜਾਬੀ ਵਿਰਸਾ (ਹਰਕੇਸ਼ ਸਿੰਘ ਕਹਿਲ)

**2. ਸਾਹਿਤਕ ਰੰਗ-1**

ਕਹਾਣੀਆਂ - 1. ਇੱਕ ਸਧਾਰਣ ਆਦਮੀ (ਸੰਤੋਖ ਸਿੰਘ ਧੀਰ)
2. ਪ੍ਰਦੇਸ ਨਾ ਤੂੰ ਤੋਰੀਂ ਬਾਬਲਾ (ਬੰਤ ਸਿੰਘ ਚੱਠਾ)
3. ਦੁੱਧ ਤੇ ਪੁੱਤ (ਬਚਿੰਤ ਕੌਰ)

ਇਕਾਂਗੀ - ਕਿਰਤ ਦਾ ਸਤਿਕਾਰ (ਡਾ. ਹਰਚਰਨ ਸਿੰਘ)

ਜੀਵਨੀਆਂ - 1. ਕਰਤਾਰ ਸਿੰਘ ਸਰਾਭਾ (ਡਾ. ਹਰਬੰਸ ਸਿੰਘ ਚਾਵਲਾ)
2. ਪੁਲਾੜ ਦੀ ਪਰੀ-ਕਲਪਨਾ ਚਾਵਲਾ (ਸੁਨੀਲ ਕੁਮਾਰ ਬੇਦੀ)

# ਪੰਜਾਬੀ-004
## (ਦਸਵੀਂ)
## (ਅਪਰੈਲ 2018 ਤੋਂ ਮਾਰਚ 2019)
## ਸਲਾਨਾ ਪਰੀਖਿਆ

**ਕੁਲ ਅੰਕ 80**

| | | |
|---|---|---|
| **I.** | **ਪੜ੍ਹਨ-ਕੌਸ਼ਲ (Reading Skill)** | **15** |
| | 1. ਅਣਡਿੱਠਾ ਪੈਰਾ (ਵਾਰਤਕ) 200-250 ਸ਼ਬਦਾਂ ਵਿੱਚ ਪੰਜ ਛੋਟੇ ਪ੍ਰਸ਼ਨ (2+2+2+2+1) ਇੱਕ ਅੰਕ ਸਿਰਲੇਖ ਲਈ | 9 |
| | 2. ਅਣਡਿੱਠੀ ਕਾਵਿ-ਟੁਕੜੀ ਨਾਲ ਸੰਬੰਧਿਤ (ਤਿੰਨ ਪ੍ਰਸ਼ਨ) | (3×2=6) |
| **II.** | **ਵਿਆਕਰਨ (ਬਹੁਵਿਕਲਪੀ ਅਤੇ ਛੋਟੇ ਪ੍ਰਸ਼ਨ) (Grammar)** | **15** |
| | 1. ਸਮਾਸੀ ਸ਼ਬਦ (ਬਹੁਵਿਕਲਪੀ) | 2 |
| | 2. ਬਹੁਆਰਥਕ ਸ਼ਬਦ (ਬਹੁਵਿਕਲਪੀ) | 3 |
| | 3. ਵਿਸਰਾਮ ਚਿੰਨ੍ਹ | 3 |
| | 4. ਮੁਹਾਵਰੇ (ਕ ਤੋਂ ਝ ਤੱਕ) | 3 |
| | 3. ਅਗੇਤਰ-ਪਿਛੇਤਰ | 4 |
| **III.** | **ਪ੍ਰਭਾਵਸ਼ਾਲੀ ਲਿਖਣ-ਕੌਸ਼ਲ (Writing Skill)** | **25** |
| | 1. ਲੇਖ-ਰਚਨਾ (ਵਿਚਾਰ ਪ੍ਰਧਾਨ ਅਤੇ ਆਮ ਵਿਸ਼ੇ) 200 ਸ਼ਬਦ | 10 |
| | 2. ਪੱਤਰ-ਰਚਨਾ (ਵਪਾਰਕ/ਦਫਤਰੀ) | 08 |
| | 3. ਇਸ਼ਤਿਹਾਰ ਜਾਂ ਤਸਵੀਰ ਦੇ ਅਧਾਰ ’ਤੇ ਵਰਣਨ (50 ਸ਼ਬਦਾਂ ਵਿੱਚ) | 07 |
| **IV.** | **ਪਾਠ-ਪੁਸਤਕਾਂ ਤੇ ਅਧਾਰਿਤ (Text Books)** | **25** |
| | 1. ਅਤਿ ਛੋਟੇ ਪ੍ਰਸ਼ਨ-ਇੱਕ ਵਾਕ ਜਾਂ ਇੱਕ ਸਤਰ ਵਾਲੇ (ਕਹਾਣੀ, ਵਾਰਤਕ ਤੇ ਜੀਵਨੀ ਵਿੱਚੋਂ) | (4×1=4) |
| | 2. ਛੋਟੇ ਪ੍ਰਸ਼ਨ-ਉੱਤਰ 2 ਅੰਕ ਵਾਲੇ (25 ਤੋਂ 30 ਸ਼ਬਦਾਂ ਵਿੱਚ) (ਕਹਾਣੀ ਤੇ ਜੀਵਨੀ ਵਿੱਚੋਂ) | (6×2=12) |
| | 3. ਵੱਡੇ ਉੱਤਰਾਂ ਵਾਲੇ ਪ੍ਰਸ਼ਨ (ਕਵਿਤਾ, ਵਾਰਤਕ ਵਿੱਚੋਂ) (ਚੋਣ ਅਧਾਰਿਤ) | (1×5=5) |
| | 4. ਇਕਾਂਗੀ ’ਚੋਂ (ਚੋਣ ਅਧਾਰਿਤ) | (1×4=4) |

## ਨਿਰਧਾਰਤ ਪਾਠ-ਪੁਸਤਕਾਂ

**1. ਸਾਹਿਤਕ ਕਿਰਨਾਂ-2**

ਕਾਵਿ-ਰਚਨਾਵਾਂ - 1. ਗਉੜੀ ਬੈਰਾਗਣਿ ੩ (ਗੁਰੂ ਅਮਰਦਾਸ ਜੀ)
2. ਰੁੱਖਾਂ ਬਾਝੋਂ ਧਰਤੀ (ਜਸਵੰਤ ਸਿੰਘ ਸੇਖਵਾਂ)
3. ਗੁੰਮ ਨੇ ਰਸੋਈ ਵਿੱਚੋਂ (ਕਸ਼ਮੀਰ ਨੀਰ)
4. ਗੁਰੂ-ਉਪਦੇਸ਼ (ਪਵਨ ਹਰਚੰਦਪੁਰੀ)
5. ਮਾਣ-ਪੰਜਾਬੀ ਦਾ (ਕੁਲਵੰਤ ਸਿੰਘ ਰਫ਼ੀਕ)

ਵਾਰਤਕ - 1. ਨੰਬਰ ਵੰਨ ਦੀ ਰੇਸ (ਕੇ. ਐਲ. ਗਰਗ)
2. ਆਦਤਾਂ (ਰਾਜਿੰਦਰ ਸਿੰਘ)
3. ਹੈਂਕੜ ਅਤੇ ਹਉਮੈ ਦੀ ਮਾਰ (ਡਾ. ਹਰਸ਼ਿੰਦਰ ਕੌਰ)
4. ਕਲਾਤਮਕ ਰੁਚੀਆਂ : ਪ੍ਰਕਿਰਤੀ ਅਤੇ ਪਹਿਚਾਣ (ਡਾ. ਦੇਵਿੰਦਰ ਸੈਫ਼ੀ)
5. ਪੰਜਾਬ ਦੇ ਲੋਕਗੀਤ (ਤੇਜਿੰਦਰ ਕੌਰ)

**2. ਸਾਹਿਤਕ ਰੰਗ-2**

ਕਹਾਣੀਆਂ - 1. ਮੈਂ ਕਿਸੇ ਤੋਂ ਘੱਟ ਨਹੀਂ (ਦਰਸ਼ਨ ਸਿੰਘ ਆਸ਼ਟ)
2. ਈਅਰ ਫ਼ੋਨ (ਬਲਵਿੰਦਰ ਸਿੰਘ ਸੋਢੀ)
3. ਦੁਸ਼ਮਣੀ (ਬਲਵਿੰਦਰ ਸਿੰਘ ਬਰਾੜ)

ਇਕਾਂਗੀ - ਬੇਬੇ ਰਾਮ ਭਜਨੀ (ਪ੍ਰੋ. ਆਈ. ਸੀ. ਨੰਦਾ)

ਜੀਵਨੀਆਂ - 1. ਬੀਬੀ ਭਾਨੀ ਜੀ (ਸੁਖਵਿੰਦਰ ਕੌਰ)
2. ਉੱਡਣਾ ਸਿੱਖ-ਮਿਲਖਾ ਸਿੰਘ (ਪ੍ਰਕਾਸ਼ ਸਿੰਘ ਗਿੱਲ)
3. ਅਣਥੱਕ ਵਿਗਿਆਨੀ-ਡਾ. ਅਬਦੁੱਲ ਕਲਾਮ (ਡਾ. ਪ੍ਰਿਥਵੀ ਰਾਜ ਥਾਪਰ)

**ਪੰਜਾਬੀ–104**
**(ਗਿਆਰ੍ਹਵੀਂ)**
**(ਅਪਰੈਲ 2018 ਤੋਂ ਮਾਰਚ 2019)**

**ਇੱਕ ਪੇਪਰ** **3 ਘੰਟੇ** **ਅੰਕ 100**

| ਇਕਾਈ/ਸਿੱਖਣ ਦਾ ਖੇਤਰ | ਅੰਕ | | ਪੀਰੀਅਡ |
|---|---|---|---|
| **ਸਾਹਿਤ** | 50 | | 85 |
| **ਭਾਸ਼ਾ** | | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 10 | | 35 |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 25 | | 45 |
| (ੲ) ਸਾਹਿਤ, ਪਿੰਗਲ ਦੇ ਰੂਪ ਅਤੇ ਵਿਆਕਰਨ | 15 | | 45 |

| | ਅੰਕ | ਪੀਰੀਅਡ |
|---|---|---|
| **I. ਸਾਹਿਤ** | | **50** |
| (1) ਕਵਿਤਾ | 15 | 28 |
| I. ਕਵਿਤਾ ਦੀ ਕਾਵਿ–ਟੁਕੜੀ ਨਾਲ ਸੰਬੰਧਤ 4 ਛੋਟੇ ਪ੍ਰਸ਼ਨ | 08 | |
| II. ਦਿੱਤੀਆਂ ਗਈਆਂ ਕਾਵਿ–ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ | 07 | |
| (2) ਵਾਰਤਕ | 15 | 28 |
| I. ਪਾਠ ਪੁਸਤਕ ਦੇ ਅਧਾਰ ਤੇ ਅੱਠ ਪ੍ਰਸ਼ਨਾਂ ਵਿੱਚੋਂ ਪੰਜ ਕਰਨੇ | (2×5)=10 | |
| II. ਦਿੱਤੀਆਂ ਗਈਆਂ ਵਾਰਤਕ ਟੁਕੜੀਆਂ ਵਿੱਚੋਂ ਕਿਸੇ ਇੱਕ ਵਾਰਤਕ ਟੁਕੜੀ ਦੇ ਪੰਜ ਪ੍ਰਸ਼ਨਾਂ ਨੂੰ ਹੱਲ ਕਰਨਾ। | 05 | |
| (3) ਨਾਟਕ | 12 | 24 |
| I. ਨਾਟਕ ਦੇ ਦੋ ਪ੍ਰਸੰਗਾਂ (ਸਤਰਾਂ) ਵਿੱਚੋਂ ਕਿਸੇ ਇੱਕ ਪ੍ਰਸੰਗ ਤੇ ਪੰਜ ਛੋਟੇ ਪ੍ਰਸ਼ਨ | (1×5)= 05 | |
| II. ਨਾਟਕ ਦੇ ਵਿਸ਼ੇ ਵਸਤੂ, ਪਾਤਰ ਅਤੇ ਕਥਾਨਕ (Plot) ਸੰਬੰਧੀ ਇੱਕ ਲੰਮਾ ਪ੍ਰਸ਼ਨ | 07 | |
| (4) ਪੰਜਾਬੀ ਸਾਹਿਤ ਦੇ ਰੂਪ–ਕਵਿਤਾ ਤੇ ਨਾਟਕ | 08 | |

**ਭਾਸ਼ਾ**

| | | | |
|---|---|---|---|
| **I.** | **ਅਡਵਾਂਸ ਪੜ੍ਹਨ ਕੌਸ਼ਲ** | **10** | **20** |
| | ਜਾਣਕਾਰੀ ਭਰਪੂਰ ਇੱਕ ਅਣਡਿੱਠਾ ਪੈਰਾ ਤੇ ਉਸ ਨਾਲ ਸੰਬੰਧਤ 5 ਪ੍ਰਸ਼ਨ | | |
| **II.** | **ਪ੍ਰਭਾਵਸ਼ਾਲੀ ਲਿਖਣ-ਕੌਸ਼ਲ** | **25** | **40** |
| | ਇਸ ਵਿੱਚ ਵੱਖ-ਵੱਖ ਪ੍ਰਸ਼ਨ ਹੇਠ ਲਿਖੇ ਅਨੁਸਾਰ ਦਿੱਤੇ ਜਾਣਗੇ | | |
| | 1. ਅਖ਼ਬਾਰਾਂ ਲਈ ਰਿਪੋਰਟ ਰਚਨਾ (ਚੋਣ ਅਧਾਰਿਤ) | 07 | |
| | 2. ਸਮਾਜਕ, ਸੱਭਿਆਚਾਰਕ ਅਤੇ ਮਨੋਰੰਜਨ ਵਿਸ਼ੇ ਸੰਬੰਧੀ 200-250 ਸ਼ਬਦਾਂ 'ਚ ਲੇਖ | 10 | |
| | 3. ਪੱਤਰ ਰਚਨਾ (ਅਖ਼ਬਾਰ ਦੇ ਸੰਪਾਦਕ ਨੂੰ ਜਾਂ ਦਫ਼ਤਰੀ) | 08 | |
| **III.** | **ਪਿੰਗਲ ਦੇ ਰੂਪ ਅਤੇ ਵਿਆਕਰਨ** | **15** | |
| | 1. ਪਿੰਗਲ ਦੀ ਪਰਿਭਾਸ਼ਾ | 02 | |
| | 2. ਅਲੰਕਾਰ : ਅਨੁਪ੍ਰਾਸ, ਰੂਪਕ, ਉਪਮਾ | 04 | |
| | 3. ਰਸ : ਸ਼ਿੰਗਾਰ ਰਸ, ਹਾਸ ਰਸ, ਕਰੁਣਾ ਰਸ | 03 | |
| | 4. ਅਖਾਣ : (ੳ ਤੋਂ ਹ ਤੱਕ) | 04 | |
| | 5. ਸ਼ਬਦ ਸ਼ੁੱਧੀ | (4×½)=02 | |

## ਨਿਰਧਾਰਤ ਪੁਸਤਕਾਂ ਅਤੇ ਚੌਣਵੇਂ ਪਾਠ

**1.ਵਾਰਤਕ ਰਿਸ਼ਮਾਂ**–ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92
(1) ਹੁਕਮਨਾਮਾ, (2) ਕਿਰਤ ਤੇ ਮਿੱਠਾ ਬੋਲਣਾ, (3) ਭੇਡ-ਚਾਲ, (4) ਹੱਸਣਾ ਤੇ ਕੂਕਣਾ, (5) ਘੜੱਮ ਚੌਧਰੀ, (6) ਨੈਸ਼ਨਲ ਸਟੇਡੀਅਮ ਦੀਆਂ ਯਾਦਾਂ, (7) ਮੁਆਫ਼ ਕਰਨਾ, (8) ਝੜੈ ਕਦੇ ਨਾ ਝੂਰਹਿ ਮੂੜੇ

**2. ਕਾਵਿ ਰੰਗ**–ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92
(1) ਗੁਰੂ ਰਾਮਦਾਸ ਜੀ, (2) ਗੁਰੂ ਗੋਬਿੰਦ ਸਿੰਘ ਜੀ, (3) ਬੁੱਲ੍ਹੇਸ਼ਾਹ, (4) ਵਾਰਿਸ ਸ਼ਾਹ, (5) ਚਰਨ ਸਿੰਘ ਸ਼ਹੀਦ, (6) ਗਿੱਲ ਮੋਰਾਂਵਾਲੀ, (7) ਬਚਨ ਬੇਦਿਲ, (8) ਜਗੀਰ ਮਾਣਕੀਆ

**3. ਰਿਸ਼ਤੇ** (ਨਾਟਕ), ਵਰਿਆਮ ਮਸਤ, ਪ੍ਰਕਾਸ਼ਕ, ਸ਼ਿਲਾਲੇਖ, 4/32 ਸੁਭਾਸ ਗਲੀ, ਵਿਸ਼ਵਾਸ ਨਗਰ, ਦਿੱਲੀ-32

## ਪੰਜਾਬੀ–104
## (ਬਾਰ੍ਹਵੀਂ)
## (ਅਪਰੈਲ 2018 ਤੋਂ ਮਾਰਚ 2019)

**ਇੱਕ ਪੇਪਰ** **3 ਘੰਟੇ** **ਅੰਕ 100**

| ਇਕਾਈ/ਸਿੱਖਣ ਦਾ ਖੇਤਰ | ਅੰਕ | | ਪੀਰੀਅਡ |
|---|---|---|---|
| **I. ਸਾਹਿਤ** | **50** | | **75** |
| **II. ਭਾਸ਼ਾ** | | | |
| (ੳ) ਅਡਵਾਂਸ ਪੜ੍ਹਨ ਕੌਸ਼ਲ | 10 | | 30 |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 25 | | 55 |
| (ੲ) ਵਿਹਾਰਕ ਵਿਆਕਰਨ | 15 | | 40 |

| | **ਅੰਕ** | **ਪੀਰੀਅਡ** |
|---|---|---|
| **I. ਸਾਹਿਤ** | **50** | |
| (1) ਕਵਿਤਾ | 16 | 30 |
| I. ਕਵਿਤਾ ਦੀਆਂ ਕਾਵਿ–ਟੁਕੜੀਆਂ ਨਾਲ ਸੰਬੰਧਤ 4 ਛੋਟੇ ਪ੍ਰਸ਼ਨ | 08 | |
| II. ਦਿੱਤੀਆਂ ਗਈਆਂ ਕਾਵਿ–ਟੁਕੜੀਆਂ ਵਿੱਚੋਂ ਕਿਸੇ ਇੱਕ ਦੀ ਪ੍ਰਸੰਗ ਸਹਿਤ ਵਿਆਖਿਆ | 08 | |
| (2) ਨਾਵਲ | 12 | 20 |
| I. ਨਾਵਲ ਦੇ ਕੋਈ ਦੋ ਕਥਾ–ਅੰਸ਼ਾਂ ਵਿੱਚੋਂ ਕਿਸੇ ਇਕ ਦੇ ਅਧਾਰ ’ਤੇ ਪੰਜ ਛੋਟੇ ਪ੍ਰਸ਼ਨ | (1×5) | 05 |
| II. ਨਾਵਲ ਦੇ ਵਿਸ਼ੇ–ਵਸਤੂ, ਚਰਿੱਤਰ–ਚਿਤਰਨ, ਕਥਾਨਕ (Plot) ਬਾਰੇ ਦੋ ਪ੍ਰਸ਼ਨਾਂ ਵਿਚੋਂ ਕੋਈ ਇਕ ਪ੍ਰਸ਼ਨ (125–150 ਸ਼ਬਦ) | 07 | |
| (3) ਨਿੱਕੀ ਕਹਾਣੀ | 12 | 15 |
| I. ਨਿੱਕੀ ਕਹਾਣੀ ਦੇ ਦੋ ਪ੍ਰਸੰਗਾਂ (ਸਤਰਾਂ) ਵਿੱਚੋਂ ਕਿਸੇ ਇੱਕ ਉਤੇ 5 ਛੋਟੇ ਪ੍ਰਸ਼ਨ | 05 | |
| II. ਨਿੱਕੀ ਕਹਾਣੀ ਦੇ ਵਿਸ਼ੇ, ਚਰਿੱਤਰ–ਚਿਤਰਨ ਅਤੇ ਆਲੋਚਨਾਤਮਕ ਸਾਰ ਸੰਬੰਧੀ ਦੋ ਪ੍ਰਸ਼ਨਾਂ ਵਿਚੋਂ ਇੱਕ ਕਰਨਾ | 07 | |

| | | | |
|---|---|---|---|
| (4) ਪੰਜਾਬੀ ਸਾਹਿਤ ਦਾ ਇਤਿਹਾਸ<br>ਪੰਜਾਬੀ ਸਾਹਿਤ ਵਿੱਚ ਗੁਰਮਤਿ-ਕਾਵਿ ਤੇ ਸੂਫੀ-ਕਾਵਿ ਦੀ ਉਤਪਤੀ,<br>ਵਿਕਾਸ, ਵਿਚਾਰਧਾਰਾ ਅਤੇ ਵਿਸ਼ੇਸ਼ਤਾਈਆਂ ਬਾਬਤ ਪ੍ਰਸ਼ਨ<br>(150 ਤੋਂ 200 ਸ਼ਬਦਾਂ ਵਿੱਚ) | 10 | | 10 |
| **II. ਭਾਸ਼ਾ** | **ਅੰਕ** | **ਪੀਰੀਅਡ** | |
| (ੳ) ਅਡਵਾਂਸ ਪੜ੍ਹਨ ਕੌਸ਼ਲ | 10 | 30 | |
| ਲਗਪਗ 150 ਸ਼ਬਦਾਂ ਦਾ ਅਣਡਿੱਠਾ ਪੈਰਾ ਅਤੇ ਉਸਦੇ 5 ਛੋਟੇ ਪ੍ਰਸ਼ਨ | (25) | | |
| (ਅ) ਪ੍ਰਭਾਵਸ਼ਾਲੀ ਲਿਖਣ ਕੌਸ਼ਲ | 25 | 55 | |
| 1. ਸਮਾਜਿਕ ਅਤੇ ਸੱਭਿਆਚਾਰਕ ਵਿਸ਼ੇ ਸੰਬੰਧੀ 200-250 ਸ਼ਬਦਾਂ ਵਿੱਚ ਲੇਖ | 10 | | |
| 2. ਇਸ਼ਤਿਹਾਰ, ਨੋਟਿਸ (100 ਸ਼ਬਦਾਂ ਵਿੱਚ) | 07 | | |
| 3. ਅਖ਼ਬਾਰ ਦੇ ਸੰਪਾਦਕ ਜਾਂ ਪ੍ਰਕਾਸ਼ਕ ਦੇ ਨਾਂ ਪੱਤਰ | 08 | | |
| (ੲ) ਵਿਹਾਰਕ ਵਿਆਕਰਨ | 15 | 40 | |
| 1. ਮੁਹਾਵਰੇ (ਅਰਥ ਸਪਸ਼ਟ ਕਰਦੇ ਹੋਏ ਵਾਕ ਬਣਾਉਣਾ)<br>(ਟ ਤੋਂ ਪੈਂਤੀ ਅੱਖਰੀ ਅਖੀਰ ਤੱਕ) | 05 | | |
| 2. ਸ਼ਬਦ ਜੋੜਾਂ ਦੇ ਨੇਮ (ਗ ਤੇ ਘ, ਜ ਤੇ ਝ, ਡ ਤੇ ਢ, ਵ ਤੇ ਬ,<br>ਸਿਹਾਰੀ ਤੇ ਲਾਂ ਅਤੇ ਹੋੜਾ ਤੇ ਕਨੌੜਾ ਦੀ ਵਰਤੋਂ) | 06 | | |
| 3. ਵਿਸਰਾਮ ਚਿੰਨ੍ਹਾਂ ਦੀ ਵਰਤੋਂ | 03 | | |
| 4. ਵਾਕਾਂ ਨੂੰ ਸ਼ੁੱਧ ਕਰਕੇ ਲਿਖਣਾ | 03 | | |

## ਨਿਰਧਾਰਤ ਪੁਸਤਕਾਂ ਅਤੇ ਚੋਣਵੇਂ ਪਾਠ

1. **ਕਾਵਿ ਯਾਤਰਾ**-ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92
(1) ਭਾਈ ਵੀਰ ਸਿੰਘ (ਕੰਬਦੀ ਕਲਾਈ, ਤ੍ਰੇਲ ਤੁਪਕਾ), (2) ਧਨੀਰਾਮ ਚਾਤ੍ਰਿਕ (ਵਿਸਾਖੀ ਦਾ ਮੇਲਾ, ਸਮੇਂ ਦੀ ਬਹਾਰ), (3) ਪ੍ਰੋ. ਪੂਰਨ ਸਿੰਘ (ਪੰਜਾਬ ਦੇ ਦਰਿਆ), (4) ਪ੍ਰੋ. ਮੋਹਨ ਸਿੰਘ (ਤਾਜ ਮਹਲ), (5) ਅੰਮ੍ਰਿਤਾ ਪ੍ਰੀਤਮ (ਰਾਖੇ), (6) ਡਾ. ਹਰਿਭਜਨ ਸਿੰਘ (ਧੀ), (7) ਸੁਰਜੀਤ ਪਾਤਰ (ਉਹ ਦਿਨ, ਗ਼ਜ਼ਲ), (8) ਮਨਜੀਤ ਟਿਵਾਣਾ (ਰਿਸ਼ਤਿਆਂ ਦਾ ਕੀ ਰੱਖੀਏ ਨਾਂ)

2. **ਕਥਾ ਜਗਤ**-ਪ੍ਰਕਾਸ਼ਕ, ਸੈਂਟਰਲ ਬੋਰਡ ਆਫ਼ ਸੈਕੰਡਰੀ ਐਜੂਕੇਸ਼ਨ, ਪ੍ਰੀਤ ਵਿਹਾਰ, ਦਿੱਲੀ-92
(1) ਰੋਲ ਨੰਬਰ, (2) ਤਿੰਨ ਦਿਨ ਦਾ ਬੇਈਮਾਨ, (3) ਸੂਲੀ ਉੱਤੇ ਲਟਕੇ ਪਲ, (4) ਮਿਸ ਸੌਫ਼ਟ (5) ਤੀਜੀ ਗੱਲ, (6) ਵਹਿੰਗੀ, (7) ਮਾਂ ਦਾ ਲਾਡਲਾ, (8) ਆਪਣਾ-ਆਪਣਾ ਹਿੱਸਾ

3. **ਗੁਆਚਿਆ ਮੁੰਡਾ** (ਕਿਸ਼ੋਰ ਨਾਵਲ), ਜਗਦੀਸ਼ ਕੌਸ਼ਲ, ਪ੍ਰਕਾਸ਼ਕ, ਆਰਸੀ ਪਬਲਿਸ਼ਰਜ਼, ਦਰਿਆਗੰਜ ਦਿੱਲੀ

# ਨਮੂਨੇ ਦਾ ਪ੍ਰਸ਼ਨ-ਪੱਤਰ

## ਜਮਾਤ - ਦਸਵੀਂ

**ਨੋਟ :** ਹਰੇਕ ਪ੍ਰਸ਼ਨ ਕਰਨਾ ਲਾਜ਼ਮੀ ਹੈ। **ਅੰਕ : 80**

ਪ੍ਰ.1 ਹੇਠ ਲਿਖਿਆ ਪੈਰਾ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ : (2+2+2+2+1=9)

ਹਰ ਵੇਲੇ ਆਪਣੇ ਬਾਬਤ ਸੋਚਣਾ ਛੱਡ ਦੇਵੋ, ਕਦੇ ਦੂਜਿਆਂ ਦਾ ਖਿਆਲ ਵੀ ਕਰੋ। ਉਹਨਾਂ ਦੀਆਂ ਲੋੜਾਂ, ਮਜਬੂਰੀਆਂ, ਕਮਜ਼ੋਰੀਆਂ ਤੇ ਲੋਚਨਾਵਾਂ ਨੂੰ ਜੇ ਧਿਆਨ ਵਿਚ ਲਿਆਵੋ ਤਾਂ ਦੁਨੀਆਂ ਬੜੀ ਦਿਲਚਸਪ ਹੋ ਜਾਏਗੀ, ਬੜਾ ਥੋੜ੍ਹਾ ਕ੍ਰੋਧ ਆਵੇਗਾ, ਨਿਰਾਸਤਾ ਘੱਟ ਜਾਏਗੀ, ਛਿੱਥਿਆਂ ਪੈਣ ਦੀ ਲੋੜ ਬਿਲਕੁਲ ਨਹੀਂ ਰਹੇਗੀ ਕਿਉਂਕਿ ਖੁਸ਼ਦਿਲ ਵਿਅਕਤੀ ਦੇ ਕੋਲ ਚੰਗੀਆਂ ਚੀਜ਼ਾਂ, ਚੰਗੇ ਆਦਮੀ, ਚੰਗੀਆਂ ਅਵਸਥਾਵਾਂ, ਇਸ ਤਰ੍ਹਾਂ ਖਿੱਚੀਆਂ ਆਉਂਦੀਆਂ ਹਨ ਜਿਵੇਂ ਹਰੇ ਭਰੇ ਬਿਰਖ ਉਤੇ ਪੰਛੀ ਤੇ ਉਹਦੀ ਛਾਂ ਹੇਠਾਂ ਰਾਹੀ। ਉਹ ਘਰ ਕੇਡਾ ਸੁਹਣਾ ਜਾਪੇਗਾ, ਜਿਥੇ ਹਰੇਕ ਮੁੱਖ ਚਾਨਣੀ ਕਿਰਨ ਦੀ ਨਿਆਈਂ ਹੋਵੇ ਤੇ ਹਰੇਕ ਬੋਲ ਵਿਚ ਸੰਗੀਤ ਦੀ ਲੈਅ ਹੋਵੇ। ਗਰੀਬੀ-ਅਮੀਰੀ ਦੀ ਗੱਲ ਕੋਈ ਨਹੀਂ। ਉਸ ਘਰ ਵਿਚ ਹਰ ਕੋਈ ਦੂਜੇ ਦਾ ਸਹਾਇਕ ਹੈ, ਪ੍ਰੇਰਕ ਹੈ ਪਿਆਰਾ ਹੈ, ਤਾਂ ਉਹ ਘਰ ਬੜਾ ਉੱਚਾ ਹੋਣ ਦੀ ਸੰਭਾਵਨਾ ਰੱਖਦਾ ਹੈ।

(i) ਮਨੁੱਖ ਆਪਣੇ ਬਾਰੇ ਸੋਚਣਾ ਛੱਡ ਕੇ ਦੂਜਿਆਂ ਦਾ ਖ਼ਿਆਲ ਕਰੇਗਾ ਤਾਂ ਕੀ ਬਦਲਾਵ ਆਏਗਾ ?

(ii) ਮਨੁੱਖ ਨੂੰ ਛਿੱਥਿਆਂ ਪੈਣ ਤੋਂ ਕੀ ਰੋਕੇਗਾ ?

(iii) ਕਿਹੋ ਜਿਹੇ ਸੁਹਣੇ ਘਰ ਦਾ ਜ਼ਿਕਰ ਉਪਰੋਕਤ ਪੈਰੇ ਵਿਚ ਆਇਆ ਹੈ ?

(iv) ਕਿਹੋ ਜਿਹੜੇ ਘਰ ਉੱਚੇ ਹਨ ? ਪੈਰੇ ਦੇ ਆਧਾਰ ਤੇ ਦੱਸੋ।

(v) ਇਸ ਪੈਰੇ ਲਈ ਢੁੱਕਵਾਂ ਸਿਰਲੇਖ ਲਿਖੋ।

ਪ੍ਰ.2 ਹੇਠ ਲਿਖੀ ਕਾਵਿ-ਟੁਕੜੀ ਪੜ੍ਹ ਕੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਦਿਓ : 2×3=6

ਤੰਦਰੁਸਤੀ ਲਈ ਲੋੜ ਹੈ ਹੁੰਦੀ, ਸਾਫ ਆਲੇ-ਦੁਆਲੇ ਦੀ,<br>
ਇਕੱਲਾ ਕੁਝ ਨਹੀਂ ਕਰ ਸਕਦਾ, ਇਹ ਗੱਲ ਹੈ ਸਾਂਝੇ ਉਪਰਾਲੇ ਦੀ।<br>
ਵਾਤਾਵਰਨ ਨੂੰ ਸਾਫ਼ ਰੱਖਣ ਲਈ, ਰਲ-ਮਿਲ ਰੁੱਖ ਲਗਾਉਂਦੇ ਹਾਂ।<br>
ਪੰਜ ਜੂਨ ਨੂੰ ਵਿਸ਼ਵ ਵਾਤਾਵਰਨ ਦਿਵਸ, ਅਸੀਂ ਮਨਾਉਂਦੇ ਹਾਂ।

(i) ਤੰਦਰੁਸਤੀ ਲਈ ਕਿਸ ਦੀ ਲੋੜ ਸਭ ਤੋਂ ਜ਼ਿਆਦਾ ਹੁੰਦੀ ਹੈ ?

(ii) ਵਾਤਾਵਰਨ ਨੂੰ ਕਿਵੇਂ ਸਾਫ਼ ਰੱਖਿਆ ਜਾ ਸਕਦਾ ਹੈ ?

(iii) ਵਿਸ਼ਵ ਵਾਤਾਵਰਨ ਦਿਸਵ ਕਦੋਂ ਤੇ ਕਿਉਂ ਮਨਾਇਆ ਜਾਂਦਾ ਹੈ ?

ਪ੍ਰ.3 ਸਹੀ ਵਿਕਲਪ ਚੁਣੋ : (2+3=5)

I. (i) ਦੁਹਰਾਓ ਵਾਲੇ ਸ਼ਬਦਾਂ ਨਾਲ ਬਣਿਆ ਸਮਾਸੀ ਸ਼ਬਦ ਚੁਣੋ–

(ੳ) ਹਾਲ–ਚਾਲ (ਅ) ਸੱਚ–ਝੂਠ

(ਸ) ਵੇਖਾ–ਵੇਖੀ (ਹ) ਆਸੇ-ਪਾਸੇ

(ii) ਵਿਰੋਧੀ ਸ਼ਬਦਾਂ ਤੋਂ ਬਣਿਆ ਸਮਾਸੀ ਸ਼ਬਦ ਚੁਣੋ–

(ੳ) ਹੱਥੋ–ਹੱਥ (ਅ) ਔਖਾ–ਸੌਖਾ

(ਹ) ਹਾਲ–ਚਾਲ (ਸ) ਆਸੇ-ਪਾਸੇ

II (i) 'ਕੰਡਾ' ਸ਼ਬਦ ਦਾ ਕਿਹੜਾ ਬਹੁ–ਅਰਥਕ ਨਹੀਂ ਹੈ :

(ੳ) ਤੱਕੜੀ (ਅ) ਸੂਲ

(ਹ) ਹੱਡੀ (ਸ) ਕੰਢਾ

(ii) 'ਫੁੱਟ–ਫੁੱਟ ਕੇ ਰੋਣਾ' ਦਾ ਕਿਹੜਾ ਬਹੁ–ਅਰਥਕ ਨਹੀਂ ਹੈ–

(ੳ) ਲੜਨਾ ਤੇ ਬੋਲਣਾ (ਅ) ਭੁੱਬਾਂ ਮਾਰ ਕੇ ਰੋਣਾ

(ੲ) ਚੀਕਾਂ ਮਾਰ ਕੇ ਰੋਣਾ (ਸ) ਜ਼ੋਰ ਜ਼ੋਰ ਦੀ ਰੋਣਾ

(iii) 'ਵਾਰ' ਸ਼ਬਦ ਦਾ ਕਿਹੜਾ ਬਹੁ–ਅਰਥਕ ਹੈ –

(ੳ) ਦਿਨ (ਅ) ਹਮਲਾ

(ੲ) ਬਲਿਹਾਰੀ (ਸ) ਵੈਰਾਗ

ਪ੍ਰ.4 (i) ਪੰਜਾਬੀ ਭਾਸ਼ਾ ਵਿਚ ਕਿੰਨੇ ਵਿਸਰਾਮ ਚਿੰਨ੍ਹ ਹਨ ? 3

(ii) ਜਦ ਕਿਸੇ ਵਾਕ ਵਿਚ ਠਹਿਰਾ ਪੂਰਨ ਵਿਸਰਾਮ ਨਾਲੋਂ ਘੱਟ ਤੇ ਕਾਮੇ ਦੇ ਠਹਿਰਾਓ ਨਾਲੋਂ ਵੱਧ ਹੋਵੇ ਤੇ ਕਿਹੜਾ ਵਿਸਰਾਮ ਚਿੰਨ੍ਹ ਵਰਤਿਆ ਜਾਂਦਾ ਹੈ ?

(iii) ਹਰਮਨ ਨੇ ਕਿਹਾ ਮੈਂ ਘਰ ਜਾਣਾ ਚਾਹੁੰਦਾ ਹਾਂ (ਵਾਕ ਵਿਚ ਢੁੱਕਵੇਂ ਵਿਸਰਾਮ ਚਿੰਨ੍ਹ ਲਗਾਓ।

ਪ੍ਰ.5. ਹੇਠ ਲਿਖੇ ਮੁਹਾਵਰਿਆਂ ਦੇ ਅਰਥ ਸਪਸ਼ਟ ਕਰਕੇ ਵਾਕਾਂ ਵਿੱਚ ਵਰਤੋ– 3

(ੳ) ਕੱਖ ਨਾ ਰਹਿਣਾ

(ਅ) ਚਾਂਦੀ ਦੀ ਜੁੱਤੀ ਮਾਰਨੀ

(ੲ) ਛਾਪਾ ਮਾਰਨਾ

ਪ੍ਰ.6 (i) ਅਗੇਤਰ ਕਿਸ ਨੂੰ ਕਹਿੰਦੇ ਹਨ ? 4

(ii) 'ਪਰ' ਅਗੇਤਰ ਵਰਤ ਕੇ ਦੋ ਸ਼ਬਦ ਬਣਾਓ।

(iii) ਪਿਛੇਤਰ ਉਤਪੰਨ ਸ਼ਬਦ ਹੈ ਜਾਂ ਮੂਲ ਸ਼ਬਦ।

(iv) 'ਦਾਇਕ' ਪਿਛੇਤਰ ਵਰਤ ਕੇ ਦੋ ਸ਼ਬਦ ਬਣਾਓ।

ਪ੍ਰ.7 ਕਿਸੇ ਇੱਕ ਵਿਸ਼ੇ 'ਤੇ 200 ਸ਼ਬਦਾਂ ਵਿਚ ਲੇਖ ਲਿਖੋ– 10

ਵਿਗਿਆਨ ਅਤੇ ਮਨੁੱਖ

ਜਾਂ

ਵਿਹਲਾ ਮਨ ਸ਼ੈਤਾਨ ਦਾ ਘਰ

ਪ੍ਰ.8 ਆਪਣੇ ਸ਼ਹਿਰ ਵਿਚ ਵੱਧ ਰਹੀਆਂ ਚੋਰੀਆਂ ਬਾਰੇ ਚਿੰਤਾ ਜਤਾਉਂਦੇ ਹੋਏ ਪੁਲਿਸ ਕਮਿਸ਼ਨਰ ਨੂੰ ਪੱਤਰ ਲਿਖੋ। 8

ਜਾਂ

ਆਪਣੀ ਦੁਕਾਨ ਵਿਚ ਏ.ਟੀ.ਐਮ. ਦੀ ਮਸ਼ੀਨ ਲਾਉਣ ਲਈ ਬੈਂਕ ਦੇ ਜਨਰਲ ਮੈਨੇਜਰ ਨੂੰ ਪੱਤਰ ਲਿਖੋ।

ਪ੍ਰ.9 ਆਪਣਾ ਮਕਾਨ ਕਿਰਾਏ ਤੇ ਦੇਣ ਲਈ 30–40 ਸ਼ਬਦਾਂ ਦਾ ਇਸ਼ਤਿਹਾਰ ਬਣਾਓ/ਲਿਖੋ– 7

ਜਾਂ



ਉਪਰੋਕਤ ਤਸਵੀਰ ਵਿਚ ਕੀ ਦਿਖਾਈ ਦੇ ਰਿਹਾ ਹੈ, 50 ਸ਼ਬਦਾਂ ਵਿਚ ਵਰਣਨ ਕਰੋ।

ਪ੍ਰ.10 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ ਇੱਕ–ਇੱਕ ਵਾਕ ਵਿਚ ਦਿਓ– (1×4=4)

(i) ਰਜਨੀ ਨੂੰ ਕਿਹੜੀ ਬਿਮਾਰੀ ਸੀ ?

(ii) ਪੰਜਾਬ ਵਿਚ ਝੋਨੇ ਦੀ ਫਸਲ ਕਰਕੇ ਜ਼ਮੀਨਾਂ ਨੂੰ ਕੀ ਨੁਕਸਾਨ ਹੋਇਆ ?

(iii) ਲੋਕ–ਗੀਤ ਕੀ ਹੁੰਦੇ ਹਨ ?

(iv) ਬੀਬੀ ਭਾਨੀ ਜੀ ਦੇ ਪਿਤਾ ਅਤੇ ਪੁੱਤਰ ਦਾ ਨਾਂ ਦੱਸੋ।

ਪ੍ਰ.11 ਹੇਠ ਲਿਖੇ ਪ੍ਰਸ਼ਨਾਂ ਦੇ ਉੱਤਰ 25-30 ਸ਼ਬਦਾਂ ਵਿਚ ਲਿਖੋ- (2×6=12)

(i) ਚਿੜੀਆ ਘਰ ਦੇ ਅਫਸਰ ਨੇ ਰਜਨੀ ਲਈ ਕਿਹੜੀ ਸਿਫਾਰਿਸ਼ ਕਰਨ ਲਈ ਕਿਹਾ ?

(ii) ਮੀਨਾਕਸ਼ੀ ਨਾਲ ਕਿਹੜੀ ਦੁਰਘਟਨਾ ਵਾਪਰੀ ਤੇ ਕਿਉਂ ?

(iii) ਵੰਦਨਾ ਦੀ ਆਪਣੀ ਗੁਆਂਢਣ ਨਾਲ ਲੜਾਈ ਕਿਉਂ ਹੋਈ ?

(iv) ਬੀਬੀ ਭਾਨੀ ਜੀ ਕਿਹੋ ਜਿਹੀ ਸ਼ਖ਼ਸੀਅਤ ਦੇ ਮਾਲਕ ਸਨ ?

(v) ਮਿਲਖਾ ਸਿੰਘ ਨੂੰ 'ਫਲਾਇੰਗ ਸਿੱਖ' ਦਾ ਖ਼ਿਤਾਬ ਕਿਵੇਂ ਮਿਲਿਆ ?

(vi) ਡਾ. ਅਬਦੁਲ ਕਲਾਮ ਦਾ ਜੀਵਨ ਕਿਹੋ ਜਿਹਾ ਸੀ ?

ਪ੍ਰ.12 'ਰੁੱਖਾਂ ਬਾਝੋਂ ਧਰਤੀ' ਕਵਿਤਾ ਰਾਹੀਂ ਕਵੀ ਕੀ ਸੁਨੇਹਾ ਦੇ ਰਿਹਾ ਹੈ, 150 ਸ਼ਬਦਾਂ ਵਿਚ ਲਿਖੋ। 5

ਜਾਂ

ਕਲਾਤਮਕ ਰੁਚੀਆਂ ਕਿੰਨੇ ਤਰ੍ਹਾਂ ਦੀਆਂ ਹੁੰਦੀਆਂ ਹਨ ? ਕਿਸੇ ਦੋ ਬਾਰੇ ਜਾਣਕਾਰੀ ਦਿਓ।

ਪ੍ਰ.13 ਇਕਾਂਗੀ 'ਬੇਬੇ ਰਾਮ ਭਜਨੀ' ਦੇ ਵਿਸ਼ੇ ਬਾਰੇ 100-125 ਸ਼ਬਦਾਂ ਵਿਚ ਜਾਣਕਾਰੀ ਦਿਓ। 4

ਜਾਂ

ਬੇਬੇ ਰਾਮ ਭਜਨੀ ਦੀ ਪਾਤਰ ਉਸਾਰੀ ਕਰੋ।

**ਪ੍ਰਕਾਸ਼ ਸਿੰਘ ਗਿੱਲ**

# ਪ੍ਰਸ਼ਨ-ਪੱਤਰ ਹੱਲ ਕਰਨ ਦੀ ਵਿਧੀ ਅਤੇ ਅੰਕ-ਯੋਜਨਾ

**ਪ੍ਰਕਾਸ਼ ਸਿੰਘ ਗਿੱਲ**

ਅੱਜ ਦਾ ਵਿਦਿਆਰਥੀ ਆਪਣੀ ਸ਼ਖਸੀਅਤ ਪ੍ਰਤੀ ਪੂਰੀ ਤਰ੍ਹਾਂ ਨਾਲ ਜਾਗਰੂਕ ਹੈ। ਇਥੋਂ ਤੱਕ ਕਿ ਕਈ ਵਾਰ ਉਹ ਆਪਣੀ ਬਾਹਰੀ ਸ਼ਖਸੀਅਤ ਨੂੰ ਨਿਖਾਰਨ ਦੇ ਚੱਕਰ ਵਿੱਚ ਸਕੂਲੀ ਪੜ੍ਹਾਈ ਪ੍ਰਤੀ ਵੀ ਅਵੇਸਲਾ ਹੋ ਜਾਂਦਾ ਹੈ। ਜਿਸ ਦਾ ਖਾਮਿਆਜਾ ਉਸ ਨੂੰ ਸਾਰੀ ਉਮਰ ਭੁਗਤਣਾ ਪੈਂਦਾ ਹੈ।

ਵਿਦਿਆਰਥੀ ਜੀਵਨ ਵਿੱਚ ਜਿੱਥੇ ਜਮਾਤ ਦਾ ਮਹੱਤਵ ਹੁੰਦਾ ਹੈ। ਉਥੇ ਹੀ ਜੇਕਰ ਵਿਦਿਆਰਥੀ ਦਾ ਸਹੀ ਮੁਲਾਂਕਣ ਕਰਨਾ ਹੋਵੇ ਤਾਂ ਜਮਾਤ ਤੋਂ ਬਾਅਦ ਪਰੀਖਿਆ ਭਵਨ ਹੀ ਹੁੰਦਾ ਹੈ। ਇਸ ਨੂੰ ਜੇਕਰ ਸੌਖੀ ਭਾਸ਼ਾ ਵਿੱਚ ਸਮਝਣਾ ਹੋਵੇ ਤਾਂ ਅਸੀਂ ਇਉਂ ਸਮਝ ਸਕਦੇ ਹਾਂ ਕਿ ਵਿਦਿਆਰਥੀ ਦੇ ਮੁਲਾਂਕਣ ਵਿੱਚ ਉਸ ਦੇ 'ਪ੍ਰਸ਼ਨ-ਪੱਤਰ' ਦਾ ਰੋਲ ਅਹਿਮ ਹੁੰਦਾ ਹੈ।

ਜਮਾਤ ਵਿੱਚ ਸਿਲੇਬਸ ਨੂੰ ਪੂਰਾ ਕਰਨ ਦਾ ਬੋਝ ਹੋਣ ਕਰਕੇ ਕਈ ਵਾਰੀ ਅਧਿਆਪਕ ਵੱਲੋਂ ਵਿਦਿਆਰਥੀਆਂ ਨਾਲ 'ਪ੍ਰਸ਼ਨ-ਪੱਤਰ' ਨੂੰ ਹੱਲ ਕਰਨ ਦੀ ਵਿਧੀ ਅਤੇ ਅੰਕ ਯੋਜਨਾ ਵਰਗੇ ਮਹੱਤਵਪੂਰਨ ਵਿਸ਼ੇ ਬਾਰੇ ਸਾਂਝ ਪਾਉਣ ਵਿੱਚ ਅਸਮੱਰਥਤਾ ਵਿਖਾਈ ਜਾਂਦੀ ਹੈ। ਵਿਦਿਆਰਥੀਆਂ ਅਤੇ ਮਾਪਿਆਂ ਦਾ ਪੂਰਾ ਜ਼ੋਰ ਜਮਾਤ ਦੇ ਕੰਮ ਨੂੰ ਅਤੇ ਘਰ ਲਈ ਦਿੱਤੇ ਗਏ ਕੰਮ ਨੂੰ ਪੂਰਾ ਕਰਨ ਅਤੇ ਕਰਾਉਣ ਵਿੱਚ ਲੱਗਿਆ ਰਹਿੰਦਾ ਹੈ। ਜਿਸ ਕਰਕੇ ਮਾਪੇ ਵੀ ਇਸ ਪਾਸਿਓਂ ਅਵੇਸਲੇ ਹੀ ਹੋ ਜਾਂਦੇ ਹਨ।

ਇਸੇ ਲਈ ਅਧਿਆਪਕ ਦਾ ਮੁੱਢਲਾ ਫ਼ਰਜ਼ ਬਣਦਾ ਹੈ ਕਿ ਉਹ ਸੈਸ਼ਨ ਵਿਚ ਵਾਰ-ਵਾਰ ਆਪਣੀ ਜਮਾਤ ਦੇ ਵਿਦਿਆਰਥੀਆਂ ਨੂੰ 'ਪ੍ਰਸ਼ਨ-ਪੱਤਰ' ਨੂੰ ਹੱਲ ਕਰਨ ਦੀ ਵਿਧੀ ਅਤੇ ਅੰਕ ਯੋਜਨਾ ਬਾਰੇ ਵਿਸਤਾਰ ਪੂਰਵਕ ਢੰਗ ਨਾਲ ਜਾਣਕਾਰੀ ਦੇਵੇ। ਵੇਖਣ ਵਿੱਚ ਕਈ ਵਾਰ ਇਹ ਵੀ ਆਇਆ ਹੈ ਕਿ ਵਿਦਿਆਰਥੀ ਦੀ ਵਿਸ਼ੇ ਪ੍ਰਤੀ ਜਾਣਕਾਰੀ ਤਾਂ ਬਹੁਤ ਚੰਗੀ ਹੁੰਦੀ ਹੈ ਲੇਕਿਨ ਜਦੋਂ ਉਹ ਉਸ ਨੂੰ 'ਉੱਤਰ-ਪੁਸਤਿਕਾ' ਵਿੱਚ ਲਿਖਦਾ ਹੈ ਤਾਂ ਉਸ ਸਮੇਂ ਸਭ ਕੁਝ ਗੜਬੜ ਕਰ ਜਾਂਦਾ ਹੈ। ਸਿੱਟੇ ਵੱਜੋਂ ਉਹ ਪਰਚੇ ਵਿੱਚ ਅੰਕ ਕਟਾ ਬੈਠਦਾ ਹੈ।

ਸੀ.ਬੀ.ਐੱਸ.ਈ. ਵੱਲੋਂ ਮੁੜ ਤੋਂ ਬੋਰਡ ਪਰੀਖਿਆ ਅਰੰਭ ਕਰ ਦਿੱਤੀ ਗਈ ਹੈ, ਇਸ ਲਈ ਵਿਦਿਆਰਥੀਆਂ ਨੂੰ ਅਰੰਭ ਤੋਂ ਹੀ ਪਰਚੇ ਸੰਬੰਧੀ ਦੱਸਣ ਦਾ ਉਪਰਾਲਾ ਕੀਤਾ ਜਾਵੇ। ਇਹਨਾਂ ਗੱਲਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਪ ਜੀ ਨੂੰ ਇਹ ਦੱਸਣ ਦਾ ਉਪਰਾਲਾ ਕਰਾਂਗੇ ਕਿ 'ਪ੍ਰਸ਼ਨ-ਪੱਤਰ' ਨੂੰ ਹੱਲ ਕਿਵੇਂ ਕਰੀਏ।

## ਮੁੱਢਲੀ ਜਾਣਕਾਰੀ

ਵਿਦਿਆਰਥੀਆਂ ਨੂੰ ਇਹ ਜ਼ਰੂਰ ਦੱਸਿਆ ਜਾਵੇ ਕਿ ਪਰੀਖਿਆ ਭਵਨ ਵਿੱਚ ਜਿੱਥੇ ਉਹਨਾਂ ਨੂੰ ਬਾਕੀ ਵਿਸ਼ਿਆਂ ਦੇ ਤਿੰਨ ਪ੍ਰਸ਼ਨ-ਪੱਤਰ 1, 2, 3 ਕ੍ਰਮ ਨੰਬਰ ਨਾਲ ਦਿੱਤੇ ਜਾਣਗੇ, ਉੱਥੇ ਪੰਜਾਬੀ ਵਿਸ਼ੇ ਦਾ ਸਿਰਫ਼ ਇੱਕ ਹੀ ਪ੍ਰਸ਼ਨ-ਪੱਤਰ ਹੀ ਦਿੱਤਾ ਜਾਵੇਗਾ, ਇਸ ਲਈ ਵਿਦਿਆਰਥੀਆਂ ਨੂੰ ਉਸ ਪਰਚੇ ਨੂੰ ਧਿਆਨ ਪੂਰਵਕ ਹੱਲ ਕਰਨਾ ਹੋਵੇਗਾ।

ਵਿਦਿਆਰਥੀ ਜੇਕਰ ਹੇਠ ਲਿਖੀਆਂ ਗੱਲਾਂ ਵੱਲ ਧਿਆਨ ਦੇਵੇ ਤਾਂ ਨਿਸ਼ਚਿਤ ਰੂਪ ਨਾਲ ਪੰਜਾਬੀ ਵਿਸ਼ੇ ਵਿੱਚ 90 ਤੋਂ 95 ਫੀਸਦੀ ਅੰਕ ਹਾਸਲ ਕਰ ਸਕਦਾ ਹੈ।

ਵਿਦਿਆਰਥੀਆਂ ਨੂੰ 80 ਅੰਕ ਦਾ ਪ੍ਰਸ਼ਨ ਪੱਤਰ ਦਿੱਤਾ ਜਾਵੇਗਾ। ਜੋ ਵਿਆਕਰਨ ਅਤੇ ਪਾਠ-ਪੁਸਤਕਾਂ ਉੱਤੇ ਅਧਾਰਿਤ ਹੋਵੇਗਾ।

ਪਰੀਖਿਆ ਕੇਂਦਰ ਵਿੱਚ ਵਿਦਿਆਰਥੀਆਂ ਨੂੰ 15 ਮਿੰਟ ਪੇਪਰ ਨੂੰ ਪੜ੍ਹਨ ਲਈ ਦਿੱਤੇ ਜਾਂਦੇ ਹਨ। ਇਸ ਲਈ ਵਿਦਿਆਰਥੀਆਂ ਨੂੰ ਉਸ ਸਮੇਂ ਦੌਰਾਨ ਪੇਪਰ ਨੂੰ ਧਿਆਨ ਪੂਰਵਕ ਪੜ੍ਹਨਾ ਚਾਹੀਦਾ ਹੈ।

ਪੇਪਰ ਅਰੰਭ ਕਰਨ ਤੋਂ ਪਹਿਲਾਂ ਵਿਦਿਆਰਥੀਆਂ ਨੂੰ ਉੱਤਰ ਪੁਸਤਿਕਾ ਦੇ ਦੋਨੋ ਪਾਸੇ ਹਾਸ਼ੀਏ ਦੀ ਥਾਂ ਛੱਡ ਕੇ ਵਿਚਕਾਰ ਹੀ ਲਿਖਣਾ ਚਾਹੀਦਾ ਹੈ। ਖਾਸ ਤੌਰ ਤੇ ੳ, ਅ, ੲ ਜਾਂ 1, 2, 3 (ਹਿੱਸਿਆਂ ਵਾਲੇ) ਪ੍ਰਸ਼ਨਾਂ ਨੂੰ ਕ੍ਰਮ ਅਨੁਸਾਰ ਹੀ ਕਰਨਾ ਚਾਹੀਦਾ ਹੈ। ਹਰੇਕ ਪ੍ਰਸ਼ਨ ਤੋਂ ਬਾਅਦ ਠੀਕ ਦੂਰੀ (ਸਪੇਸ) ਛੱਡਣੀ ਚਾਹੀਦੀ ਹੈ।

ਸੌਖੇ ਪ੍ਰਸ਼ਨਾਂ ਤੇ ਘੱਟ ਅੰਕ ਵਾਲੇ ਪ੍ਰਸ਼ਨਾਂ ਨੂੰ ਪਹਿਲਾਂ ਕਰ ਲੈਣਾ ਚਾਹੀਦਾ ਹੈ। ਪ੍ਰਸ਼ਨਾਂ ਦੇ ਨੰਬਰ ਪੂਰੀ ਤਰ੍ਹਾਂ ਸਪੱਸ਼ਟ ਹੋਣੇ ਚਾਹੀਦੇ ਹਨ। ਛੋਟੇ ਪ੍ਰਸ਼ਨਾਂ ਨੂੰ ਵਿਸਤਾਰ ਰੂਪ ਦੇਣ ਤੋਂ ਬਚਿਆ ਜਾਵੇ। ਲੰਮੇ-ਪ੍ਰਸ਼ਨਾਂ ਵਿੱਚ ਇਧਰ-ਉਧਰ ਦਾ ਵੇਰਵਾ ਨਾ ਦਿੱਤਾ ਜਾਵੇ। ਲੇਖ ਨੂੰ ਅਖੀਰ ਵਿੱਚ ਹੱਲ ਕਰਨਾ ਚਾਹੀਦਾ ਹੈ। ਸ਼ਬਦ ਸੀਮਾ ਦਾ ਵੀ ਧਿਆਨ ਰੱਖਣਾ ਚਾਹੀਦਾ ਹੈ। ਕਈ ਵਾਰੀ ਵਿਦਿਆਰਥੀ ਸ਼ਬਦਾਂ ਨੂੰ ਗਿਣਨ ਦੇ ਚੱਕਰ ਵਿੱਚ ਪੈ ਜਾਂਦੇ ਹਨ, ਜਿਸ ਨਾਲ ਉਹ ਆਪਣਾ ਸਮਾਂ ਵੀ ਖਰਾਬ ਕਰਦੇ ਹਨ ਤੇ ਪੂਰਾ ਪ੍ਰਸ਼ਨ-ਪੱਤਰ ਵੀ ਹੱਲ ਨਹੀਂ ਕਰ ਪਾਉਂਦੇ।

ਪਾਠ-ਪੁਸਤਕਾਂ ਵਾਲੇ ਪ੍ਰਸ਼ਨਾਂ ਦੇ ਉੱਤਰ ਸੂਝ-ਬੂਝ ਅਨੁਸਾਰ ਦੇਣੇ ਚਾਹੀਦੇ ਹਨ। ਉੱਤਰ ਪੁਸਤਿਕਾ ਉੱਤੇ 'ਕਟਿੰਗ' ਨਾ ਕੀਤੀ ਜਾਵੇ। ਤਸਵੀਰ ਅਧਾਰਤ ਪ੍ਰਸ਼ਨ ਵਿੱਚ ਤਸਵੀਰ ਦੀਆਂ ਮੁੱਖ ਗੱਲਾਂ ਨੂੰ ਹੀ ਸਪਸ਼ੱਟ ਕੀਤਾ ਜਾਵੇ। ਵਿਸਤਾਰ ਨਾ ਦਿੱਤਾ ਜਾਵੇ। ਪ੍ਰਸ਼ਨ-ਪੱਤਰ ਵਿੱਚ 'ਨੇਤਰਹੀਣ ਵਿਦਿਆਰਥੀਆਂ' ਦੇ ਲਈ ਦਿੱਤੇ ਗਏ ਪ੍ਰਸ਼ਨ ਨੂੰ ਨਾ ਕਰਨ ਬਾਬਤ ਵੀ ਅਧਿਆਪਕ ਵਿਦਿਆਰਥੀਆਂ ਨੂੰ ਚੰਗੀ ਤਰ੍ਹਾਂ ਸਮਝਾਵੇ।

ਏ.ਐੱਸ.ਐੱਲ. ਵਰਗੇ ਇਮਤਿਹਾਨ ਦੀ ਤਿਆਰੀ ਅਧਿਆਪਕ ਵਿਦਿਆਰਥੀਆਂ ਨੂੰ ਜਮਾਤ ਵਿੱਚ 'ਨਿੱਕੇ-ਨਿੱਕੇ' ਟੈੱਸਟਾਂ ਦੇ ਰੂਪ ਵਿੱਚ ਕਰਾਉਣ ਦਾ ਉਪਰਾਲਾ ਕਰੇ। ਇਹ ਟੈੱਸਟ ਵਿਦਿਆਰਥੀਆਂ ਦੀ ਸਮਝ, ਸੁਣਨ ਅਤੇ ਉਚਾਰਨ ਦੇ ਮੁਲਾਂਕਣ ਦੇ ਰੂਪ ਵਿੱਚ ਕੀਤਾ ਜਾਂਦਾ ਹੈ। ਇਸ ਵਿੱਚ ਵਿਦਿਆਰਥੀਆਂ ਨੂੰ ਪੂਰੇ ਅੰਕ ਮਿਲ ਸਕਦੇ ਹਨ।

ਵਿਦਿਆਰਥੀਆਂ ਨੂੰ ਅਣਡਿੱਠੇ ਪੈਰੇ ਤੇ ਅਧਾਰਤ ਪ੍ਰਸ਼ਨਾਂ ਨੂੰ ਕਰਨ ਦੇ ਢੰਗ ਬਾਬਤ ਦੱਸਿਆ ਜਾਵੇ। ਇਸ ਵਿੱਚ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਪੈਰੇ ਵਿੱਚ ਹੀ ਹੁੰਦੇ ਹਨ, ਇਸ ਲਈ ਵਿਦਿਆਰਥੀਆਂ ਦੀ ਵੱਧ ਤੋਂ ਵੱਧ ਅਭਿਆਸ ਕਰਵਾਇਆ ਜਾਵੇ।

ਅਣਡਿੱਠੀ ਕਾਵਿ-ਟੁਕੜੀ ਦਾ ਵੀ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਅਭਿਆਸ ਕਰਾਉਂਦੇ ਹੋਏ ਵੱਖ-ਵੱਖ ਕਾਵਿ-ਟੁਕੜੀਆਂ ਜਮਾਤ ਵਿੱਚ 'ਟੈੱਸਟ' ਦੇ ਰੂਪ ਵਿੱਚ ਕਰਾਈਆਂ ਜਾਣ, ਇਸ ਨਾਲ ਜਿੱਥੇ ਵਿਦਿਆਰਥੀਆਂ ਦਾ ਅਭਿਆਸ ਹੋਵੇਗਾ ਉਥੇ ਹੀ ਉਹਨਾਂ ਦੇ ਅੰਕਾਂ ਵਿੱਚ ਵੀ ਸੁਧਾਰ ਹੋਵੇਗਾ।

## ਪ੍ਰਸ਼ਨ-ਪੱਤਰ ਨੂੰ ਬਣਾਉਣ ਬਾਬਤ ਅਧਿਆਪਕਾਂ ਲਈ ਧਿਆਨ ਰੱਖਣਯੋਗ ਗੱਲਾਂ

ਵਿਦਿਆਰਥੀਆਂ ਲਈ ਪ੍ਰਸ਼ਨ-ਪੱਤਰ ਬਣਾਉਂਦੇ ਸਮੇਂ ਅਧਿਆਪਕ ਨੂੰ ਵੀ ਕੁੱਝ ਗੱਲਾਂ ਦਾ ਧਿਆਨ ਰੱਖਣਾ ਚਾਹੀਦਾ ਹੈ। ਪੇਪਰ ਬਣਾਉਣ ਵੇਲੇ ਕਮਜ਼ੋਰ, ਮੱਧ ਦਰਜੇ ਵਾਲੇ ਅਤੇ ਹੁਸ਼ਿਆਰ ਵਿਦਿਆਰਥੀਆਂ ਨੂੰ ਧਿਆਨ ਵਿੱਚ ਰੱਖਕੇ ਬਣਾਉਣਾ ਚਾਹੀਦਾ ਹੈ। ਅਧਿਆਪਕ ਨੂੰ ਆਪਣੀ ਬੌਧਿਕਤਾ ਦਿਖਾਉਣ ਤੋਂ ਬਚਣਾ ਚਾਹੀਦਾ ਹੈ। ਇਸ ਲਈ ਇਹਨਾਂ ਗੱਲਾਂ ਨੂੰ ਧਿਆਨ ਰੱਖਿਆ ਜਾਵੇ-

1. ਪਰਚਾ ਸਿਲੇਬਸ ਤੇ ਅਧਾਰਤ ਹੋਣਾ ਚਾਹੀਦਾ ਹੈ।
2. ਪਰਚੇ ਦੀ ਭਾਸ਼ਾ ਗੁੰਝਲਦਾਰ ਨਹੀਂ ਹੋਣੀ ਚਾਹੀਦੀ।
3. ਪਰਚੇ ਵਿੱਚ ਚੋਣ ਅਧਾਰਤ ਪ੍ਰਸ਼ਨ ਰੱਖਣੇ ਚਾਹੀਦੇ ਹਨ।
4. ਪਰਚੇ ਦੀ ਬਣਤਰ ਠੀਕ ਹੋਣੀ ਚਾਹੀਦੀ ਹੈ।
6. ਪਰਚੇ ਵਿੱਚ ਸ਼ਬਦ-ਜੋੜਾਂ ਦੀਆਂ ਗਲਤੀਆਂ ਨਹੀਂ ਹੋਣੀਆਂ ਚਾਹੀਦੀਆਂ।

ਜੇਕਰ ਇਹਨਾਂ ਸਾਰੀਆਂ ਗੱਲਾਂ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਕੋਈ ਵੀ ਵਿਦਿਆਰਥੀ ਪਰਚੇ ਨੂੰ ਛੱਡ ਕੇ ਨਹੀਂ ਆਵੇਗਾ ਤੇ ਆਪਣੀ ਬੌਧਿਕਤਾ ਅਨੁਸਾਰ ਪ੍ਰਸ਼ਨਾਂ ਨੂੰ ਜ਼ਰੂਰ ਹੱਲ ਕਰੇਗਾ ਤੇ ਸਫ਼ਲਤਾ ਹਾਸਲ ਕਰਦਾ ਹੋਇਆ ਆਪਣੇ ਜੀਵਨ ਦਾ ਉਦੇਸ਼ ਪ੍ਰਾਪਤ ਕਰੇਗਾ।

# ਮੁੱਢਲੀ ਬਣਤਰ (ਕੁਲ ਅੰਕ 80) (ਅਪਰੈਲ 2018 ਤੋਂ ਮਾਰਚ 2019)

| ਕ੍ਰਮ ਨੰ. | ਪ੍ਰਸ਼ਨਾਂ ਦੀਆਂ ਕਿਸਮਾਂ | ਸਿੱਖਣ ਸਿਖਾਉਣ ਦੀ<br>ਦੀ ਮੁਲਾਂਕਣ<br>ਵਿਧੀ/ਕੌਸ਼ਲ | ਛੋਟੇ ਪ੍ਰਸ਼ਨ<br>1ਅੰਕ | ਛੋਟੇ ਪ੍ਰਸ਼ਨ<br>2 ਅੰਕ | ਲੰਮੇ ਪ੍ਰਸ਼ਨ<br>4,5,7 ਅਤੇ<br>8,02 ਅੰਕ | ਅੰਕ | % |
|---|---|---|---|---|---|---|---|
| 1. | ਯਾਦ ਰੱਖਣਯੋਗ<br>(ਪਾਠ ਪੁਸਤਕਾਂ ਤੇ<br>ਅਧਾਰਤ) | * ਸੁਣਨ, ਬੋਲਣ, ਪੜ੍ਹਨ,<br>ਲਿਖਣ ਕੌਸ਼ਲ<br>* ਤਰਕ ਅਧਾਰਤ<br>* ਵਿਸ਼ਲੇਸ਼ਣਾਤਮਕ ਕੌਸ਼ਲ | 4 (1) | 6 (2) | 1 (4)<br>1( (3) | 25 | 31.00% |
| 2. | ਸੂਝ ਅਧਾਰਤ<br>(ਗਿਆਨ ਬੋਧ-ਅਣਡਿੱਠਾ<br>ਪੈਰਾ ਅਤੇ ਅਣਡਿੱਠੀ ਕਾਵਿ ਟੁਕੜੀ) | | 1 (1)<br>(ਛੋਟੇ ਉੱਤਰ ਵਾਲ) | 7 (2) | – | 15 | 18.75% |
| 3. | ਵਿਹਾਰਕ<br>(ਵਿਹਾਰਕ ਗਿਆਨ ਦੇ ਨਵੇਂ ਸਿਧਾਂਤ)<br>ਅਨੁਮਾਨਤ ਕਿਸਮਾਂ | 9 (ਛੋਟੇ ਉੱਤਰ ਵਾਲੇ ਪ੍ਰਸ਼ਨ) | 6 (ਬਹੁ ਵਿਕਲਪੀ) | – | 1 (8) | 23 | 28.50% |
| 4. | ਸਿਰਜਣਾਤਮਕ<br>(ਸਥਿਤੀ ਜਾਂ ਵਿਚਾਰ ਦੀ<br>ਪਰਖ ਲਈ ਰਚਨਾਤਮਕ<br>ਮੁਲਾਂਕਣ)<br>ਅਨੁਮਾਨਤ ਕਿਸਮਾਂ | –<br>1 (7) | 6 | 1 (10) | 17 | 21.74% | |
| | | ਕੁਲ ਅੰਕ | 20 (1) | 26 (2)<br>5 (1)<br>7 (1)<br>8 (1)<br>10 (1) | 4 (1) | 80 | 100% |

# ਸਕੂਲਾਂ ’ਚ ਪੰਜਾਬੀ ਕਲੱਬ ਦੀ ਸਥਾਪਨਾ ਅਤੇ ਗਤੀਵਿਧੀਆਂ

**ਪ੍ਰਕਾਸ਼ ਸਿੰਘ ਗਿੱਲ**

ਵਿਦਿਆਰਥੀ ਦੇ ਜੀਵਨ ਵਿੱਚ ਸਕੂਲ ਦਾ ਰੋਲ ਬਹੁਤ ਹੀ ਮਹੱਤਵਪੂਰਨ ਹੁੰਦਾ ਹੈ। ਜੇਕਰ ਇਹ ਕਿਹਾ ਜਾਵੇ ਕਿ ਵਿਦਿਆਰਥੀਆਂ ਦਾ ਬਹੁਪੱਖੀ ਵਿਕਾਸ ਸਕੂਲ ਵਿੱਚ ਹੀ ਹੋ ਸਕਦਾ ਹੈ ਤਾਂ ਇਸ ਵਿੱਚ ਕੋਈ ਅਤਿਕਥਨੀ ਨਹੀਂ ਹੈ। ਲੇਕਿਨ ਸਮੇਂ ਦੀ ਦੌੜ ਵਿੱਚ ਖਾਸ ਤੌਰ ਤੇ ‘ਅੰਕਾਂ’ ਦੇ ਚੱਕਰ ਵਿੱਚ ਵਿਦਿਆਰਥੀ ਸਾਰੇ ਪਾਸੇ ਤੋਂ ਟੁੱਟਦਾ ਜਾ ਰਿਹਾ ਹੈ। ਉਹ ਸਿਰਫ਼ ਪੁਸਤਕਾਂ ਤੱਕ ਹੀ ਸੀਮਤ ਹੋ ਕੇ ਰਹਿ ਗਿਆ ਹੈ। ਇਸ ਲਈ ਵਿਦਿਆਰਥੀ ਆਪਣੇ ਵਿਰਸੇ, ਆਪਣੀ ਬੋਲੀ ਅਤੇ ਸੱਭਿਆਚਾਰ ਤੋਂ ਟੁੱਟਦਾ ਜਾ ਰਿਹਾ ਹੈ। ਸਿੱਟੇ ਵਜੋਂ ਉਸ ਦੇ ਜੀਵਨ ਵਿੱਚ ਅਸਹਿਣਸ਼ੀਲਤਾ, ਚਿੜਚਿੜਾਪਨ, ਮਾਨਸਿਕ ਤਨਾਓ ਵਰਗੀਆਂ ਅਲਾਮਤਾਂ ਸ਼ਾਮਲ ਹੋ ਰਹੀਆਂ ਹਨ।

ਸਕੂਲ ਵਿੱਚ ਭਾਸ਼ਾ ਅਧਿਆਪਕ ਦੀ ਬਹੁਤ ਵੱਡੀ ਜਿੰਮੇਵਾਰੀ ਹੁੰਦੀ ਹੈ। ਭਾਸ਼ਾ ਜੋ ਕਿ ਸੁਹਜ-ਕਲਾ ਦਾ ਰੂਪ ਹੈ। ਉਹ ਸਾਨੂੰ ਸਾਹਿਤ ਅਤੇ ਜੀਵਨ ਨਾਲ ਜੋੜਦੀ ਹੈ। ਭਾਸ਼ਾ ਨੂੰ ਪਿਆਰ ਕਰਨ ਵਾਲਾ ਮਨੁੱਖ ਜੀਵਨ ਦੇ ਨੈਤਿਕ ਮੁੱਲਾਂ ਨਾਲ ਜੁੜਿਆ ਰਹਿੰਦਾ ਹੈ। ਪਾਠ-ਪੁਸਤਕਾਂ ਅਤੇ ਸਲੇਬਸ ਨਾਲ ਜੂਝਦੇ ਹੋਏ ਕਈ ਵਾਰੀ ਅਧਿਆਪਕ ਆਪਣੇ ਵਿਦਿਆਰਥੀਆਂ ਨੂੰ ਹੋਰ ਗਤੀਵਿਧੀਆਂ ਨਹੀਂ ਕਰਾ ਸਕਦਾ। ਇਸੇ ਸਮੱਸਿਆ ਨੂੰ ਸੁਲਝਾਉਣ ਲਈ ਸਕੂਲਾਂ ਵਿੱਚ ਪੰਜਾਬੀ ਕਲੱਬ ਦੀ ਸਥਾਪਨਾ ਕੀਤੀ ਜਾ ਰਹੀ ਹੈ।

ਭਾਸ਼ਾ ਅਧਿਆਪਕ ਆਪਣੇ ਸਕੂਲ ਵਿੱਚ ‘ਪੰਜਾਬੀ ਕਲੱਬ’ ਨੂੰ ਸਥਾਪਤ ਕਰਨ ਦਾ ਉਪਰਾਲਾ ਕਰਨ ਵਾਸਤੇ ਜੇਕਰ ਕੋਸ਼ਿਸ਼ ਕਰਨ ਤਾਂ ਇਸ ਗੱਲ ਦੀ ਪੱਕੀ ਗਾਰੰਟੀ ਹੈ ਕਿ ਵਿਦਿਆਰਥੀ ਦੇ ਜੀਵਨ ਵਿੱਚ ‘ਕ੍ਰਾਂਤੀਕਾਰੀ’ ਬਦਲਾਓ ਆ ਸਕਦੇ ਹਨ। ਪੰਜਾਬੀ ਕਲੱਬ ਵਿੱਚ ਵਿਦਿਆਰਥੀਆਂ ਨੂੰ ਵੱਖ-ਵੱਖ ਗਤੀਵਿਧੀਆਂ ਰਾਹੀਂ ਜਿੱਥੇ ਭਾਸ਼ਾ ਨਾਲ ਜੋੜਿਆ ਜਾ ਸਕਦਾ ਹੈ। ਉਥੇ ਹੀ ਉਸ ਵਿੱਚ ਛੁਪੀ ਹੋਈ ਪ੍ਰਤਿਭਾ ਨੂੰ ਵੀ ਬਾਹਰ ਕੱਢਿਆ ਜਾ ਸਕਦਾ ਹੈ ਤੇ ਨਾਲ ਹੀ ਉਸ ਦੀ ਆਪਣੇ ਵਿਸ਼ੇ ਪ੍ਰਤੀ ਰੌਚਕਤਾ ਵੀ ਕਾਇਮ ਕੀਤੀ ਜਾ ਸਕਦੀ ਹੈ।

ਸਕੂਲ ਵਿੱਚ ਪੰਜਾਬੀ ਪੜ੍ਹਾਉਣ ਵਾਲਾ ਅਧਿਆਪਕ ‘ਪੰਜਾਬੀ ਕਲੱਬ’ ਵਿੱਚ ਹੇਠ ਲਿਖੇ ਅਨੁਸਾਰ ਗਤੀਵਿਧੀਆਂ ਕਰਨ ਦੀ ਕੋਸ਼ਿਸ਼ ਕਰ ਸਕਦਾ ਹੈ-

1. ਸਾਡੀ ਪਰੰਪਰਾ ਵਿੱਚ ਮੌਜੂਦ **‘ਅੰਤਾਕਸ਼ਰੀ’** ਰਾਹੀਂ ਵਿਦਿਆਰਥੀਆਂ ਦੇ ਨਿੱਕੇ-ਨਿੱਕੇ ਸਮੂਹ ਬਣਾ ਕੇ ਉਹਨਾਂ ਦੀ ਭਾਸ਼ਾ ਕੌਸ਼ਲਤਾ ਤੇ ਉਚਾਰਨ ਵਿੱਚ ਸੁਧਾਰ ਲਿਆਂਦਾ ਜਾ ਸਕਦਾ ਹੈ।

2. ਵਿਦਿਆਰਥੀਆਂ ਨੂੰ ਖੇਡਾਂ ਨਾਲ ਬਹੁਤ ਹੀ ਲਗਾਓ ਹੁੰਦਾ ਹੈ। ਇਸ ਲਈ ਖੇਡ ਤਕਨੀਕ ਦਾ ਇਸਤੇਮਾਲ ਕਰਦੇ ਹੋਏ ਉਹਨਾਂ ਨੂੰ **'ਮੁਹਾਰਨੀ'** ਕੰਠ ਕਰਾਈ ਜਾ ਸਕਦੀ ਹੈ।
3. ਸਕੂਲਾਂ ਵਿੱਚ ਅੰਤਰ ਜਮਾਤ ਮੁਕਾਬਲਿਆਂ ਵਿੱਚ **'ਸੁਲੇਖ, ਕਵਿਤਾ** ਅਤੇ **ਭਾਸ਼ਣ ਮੁਕਾਬਲੇ** ਕਰਾਏ ਜਾ ਸਕਦੇ ਹਨ, ਇਸ ਨਾਲ ਜਿੱਥੇ ਵਿਦਿਆਰਥੀਆਂ ਦੀ ਸ਼ਖਸੀਅਤ ਵਿੱਚ ਨਿਖਾਰ ਆਉਂਦਾ ਹੈ, ਉੱਥੇ ਹੀ ਸਟੇਜ ਦੇ ਝਾਕੇ ਤੋਂ ਵੀ ਬਚਿਆ ਜਾ ਸਕਦਾ ਹੈ।
4. ਵਿਦਿਆਰਥੀਆਂ ਨੂੰ **'ਸਮਾਚਾਰ-ਪੱਤਰ'** (ਅਖ਼ਬਾਰ) ਨਾਲ ਸਾਂਝ ਪਾਉਣ ਲਈ ਜਮਾਤ ਪੱਧਰ 'ਤੇ ਅਖ਼ਬਾਰ ਪੜ੍ਹਾਇਆ ਜਾਵੇ ਤੇ ਉਸ ਵਿੱਚ ਆਏ ਵੱਖ-ਵੱਖ ਵਿਸ਼ਿਆਂ ਬਾਰੇ ਜਮਾਤ ਵਿਚ ਚਰਚਾ ਕੀਤੀ ਜਾਵੇ। ਇਸ ਨਾਲ ਜਿੱਥੇ ਵਿਦਿਆਰਥੀਆਂ ਵਿੱਚ ਸ੍ਵੈ-ਭਰੋਸਾ ਕਾਇਮ ਹੋਵੇਗਾ ਉਥੇ ਹੀ ਉਸ ਦੀ ਭਾਸ਼ਾ ਵਿੱਚ ਵੀ ਸੁਧਾਰ ਆਵੇਗਾ।
5. ਵਿਦਿਆਰਥੀਆਂ ਨੂੰ **'ਚਿੱਠੀਆਂ-ਪੱਤਰਾਂ'** ਨਾਲ ਸਾਂਝ ਪਾਉਣ ਵਾਸਤੇ ਸਕੂਲ ਵਿੱਚ 'ਡਾਕ-ਪੇਟੀ' (ਲੈਟਰ ਬਾਕਸ) ਬਣਾ ਕੇ ਵਿਦਿਆਰਥੀਆਂ ਨੂੰ ਪੱਤਰ ਲਿਖ ਕੇ ਪਾਉਣ ਲਈ ਉਤਸਾਹਤ ਕੀਤਾ ਜਾਵੇ। ਮੌਜੂਦਾ ਸਮੇਂ ਵਿੱਚ ਬਹੁਤੇ ਵਿਦਿਆਰਥੀ ਡਾਕ-ਘਰ, ਡਾਕੀਆ, ਮਨੀਆਰਡਰ, ਪਾਰਸਲ ਤੋਂ ਜਾਣੂੰ ਨਹੀਂ ਹਨ ਤੇ ਪਰੀਖਿਆ ਵਿੱਚ ਜਦੋਂ ਇਸ ਨਾਲ ਸੰਬੰਧਤ ਪ੍ਰਸ਼ਨ ਆਉਂਦਾ ਹੈ ਤਾਂ ਉਹ ਅਰਥ ਦਾ ਅਨਰਥ ਕਰ ਬੈਠਦੇ ਹਨ।
6. ਵਿਸ਼ੇ ਦੀਆਂ ਪੁਸਤਕਾਂ ਤੋਂ ਹੱਟ ਕੇ ਆਮ ਗਿਆਨ-ਵਿਗਿਆਨ ਦੀ ਪੁਸਤਕਾਂ ਨਾਲ ਸਾਂਝ ਪਾਉਣ ਲਈ ਸਕੂਲ ਵਿੱਚ **'ਪੁਸਤਕ ਮੇਲਾ'** ਲਾਉਣ ਵਾਸਤੇ ਉਪਰਾਲੇ ਕੀਤੇ ਜਾਣ।
7. ਸਕੂਲ ਵਿੱਚ **ਲੋਕ ਗੀਤ** ਅਤੇ **ਲੋਕ ਨਾਚ** ਦੇ ਮੁਕਾਬਲੇ ਕਰਾਉਣੇ।
8. ਜਮਾਤ ਵਿੱਚ **ਪੰਜਾਬੀ ਸਭਿਆਚਾਰ ਨਾਲ ਸੰਬੰਧਤ ਚਾਰਟਾਂ** ਨੂੰ ਪ੍ਰਦਰਸ਼ਤ ਕਰਨਾ।
9. ਪੰਜਾਬੀ ਸਾਹਿਤ ਜਗਤ ਦੀ ਸ਼ਖਸੀਅਤਾਂ ਨੂੰ ਵਿਦਿਆਰਥੀਆਂ ਦੇ **ਰੂ-ਬ-ਰੂ** ਕਰਾਉਣਾ।
10. **ਪੰਜਾਬੀ ਮੀਡੀਆ** ਨਾਲ ਜੁੜੀਆਂ ਹੋਈਆਂ ਸ਼ਖਸੀਅਤਾਂ ਨਾਲ ਵਾਰਤਾਲਾਪ ਕਰਾਉਣਾ।
11. **ਵਾਦ-ਵਿਵਾਦ ਪ੍ਰਤੀਯੋਗਿਤਾ** ਵਿੱਚ ਵੱਧ ਤੋਂ ਵੱਧ ਸ਼ਮੂਲੀਅਤ ਕਰਨਾ।
12. **ਰੋਲ-ਪਲੇ** ਕਰਾਉਣਾ।
13. **ਕੁਇਜ਼ (ਪ੍ਰਸ਼ਨੋਤਰੀ)** ਕਰਾਉਣਾ। (ਸਿਲੇਬਸ ਪਾਠ-ਪੁਸਤਕਾਂ ਅਨੁਸਾਰ ਰੱਖਿਆ ਜਾਵੇ)
14. ਵਿਦਿਆਰਥੀਆਂ ਨੂੰ **'ਸਲੋਗਨ'** ਲਿਖਣ ਅਤੇ ਬਣਾਉਣ ਵਾਸਤੇ ਉਤਸਾਹਤ ਕਰਨਾ।
15. **ਪੋਸਟਰ** ਅਤੇ **ਚਿੱਤਰਕਾਰੀ** ਰਾਹੀਂ ਵਿਦਿਆਰਥੀਆਂ ਨੂੰ 'ਪੰਜਾਬੀ ਭਾਸ਼ਾ' ਨਾਲ ਜੋੜਨਾ।

ਪੰਜਾਬੀ-ਕਲੱਬ ਰਾਹੀਂ ਇਹਨਾਂ ਗਤੀਵਿਧੀਆਂ ਨਾਲ ਸਕੂਲ ਪੱਧਰ ਤੇ ਪੰਜਾਬੀ ਭਾਸ਼ਾ ਨੂੰ ਪੜ੍ਹਨ ਅਤੇ ਪੜ੍ਹਾਉਣ ਪ੍ਰਤੀ ਪ੍ਰੇਰਿਤ ਕੀਤਾ ਜਾ ਸਕਦਾ ਹੈ।

# ਪੰਜਾਬੀ ਸ਼ਬਦ-ਜੋੜਾਂ ਦੇ ਕੁਝ ਨਿਯਮ

**ਤੀਰਥ ਸਿੰਘ**

ਆਧੁਨਿਕ ਯੁੱਗ ਵਿਚ ਤਕਨਾਲਜੀ ਭਾਸ਼ਾਵਾਂ ਨੂੰ ਪ੍ਰਭਾਵਤ ਕਰ ਰਹੀ ਹੈ। ਕਿਸੇ ਵੀ ਭਾਸ਼ਾ ਦਾ ਤਕਨਾਲਜੀ ਦੀ ਕੁਝ ਵਿਸ਼ੇਸ਼ ਸ਼ਬਦਾਵਲੀ ਤੋਂ ਬਿਨਾਂ ਗੁਜ਼ਾਰਾ ਨਹੀਂ। ਭਾਸ਼ਾ ਪਿਛੜ ਨਾ ਜਾਵੇ ਇਸ ਵਾਸਤੇ ਆਪਣੇ ਲਚਕੀਲੇ ਸੁਭਾਅ ਅਨੁਸਾਰ ਜ਼ਰੂਰ ਸ਼ਬਦਾਵਲੀ ਨੂੰ ਆਪਣੇ ਅੰਦਰ ਸਮੋਈ ਰਹਿੰਦੀ ਹੈ। ਵਗਦੇ ਦਰਿਆ ਵਾਲੇ ਚਲਨ ਅਨੁਸਾਰ ਭਾਸ਼ਾ ਦਾ ਰੂਪ ਵੀ ਬਦਲਦਾ ਰਹਿੰਦਾ ਹੈ। ਐਸੇ ਸਮੇਂ ਵਿਚ ਬਹੁਤ ਜ਼ਰੂਰੀ ਹੋ ਜਾਂਦਾ ਹੈ ਕਿ ਭਾਸ਼ਾ ਦਾ ਟਕਸਾਲੀ ਰੂਪ ਕਾਇਮ ਰਹੇ। ਇਸ ਰੂਪ ਨੂੰ ਭਾਸ਼ਾ ਦੀ ਵਿਆਕਰਨ ਹੀ ਕਾਇਮ ਰਖ ਸਕਦੀ ਹੈ। ਇਸ ਪ੍ਰਕ੍ਰਿਆ ਵਿਚ ਦੋ ਤੱਤ ਬਹੁਤ ਅਹਿਮ ਹਨ। ਇਨ੍ਹਾਂ ਵਿਚੋਂ ਇਕ ਹੈ ਸ਼ਬਦ-ਜੋੜਾਂ ਨੂੰ ਸ਼ੁੱਧ ਰਖਣਾ। ਸ਼ੁੱਧ ਸ਼ਬਦ-ਜੋੜਾਂ ਦੀ ਕਮੀ ਭਾਸ਼ਾ ਦਾ ਰੂਪ ਹੀ ਵਿਗਾੜ ਸਕਦੀ ਹੈ। ਦੂਸਰੀ ਜ਼ਰੂਰੀ ਗੱਲ ਹੈ ਕਿ ਭਾਸ਼ਾ ਦਾ ਵਿਆਕਰਨ ਪੱਖ ਬੜਾ ਸਪਸ਼ਟ ਅਤੇ ਸ਼ੁੱਧ ਹੋਵੇ। ਇਨ੍ਹਾਂ ਦੋ ਪਹਿਲੂਆਂ ਦੀ ਅਣਹੋਂਦ ਵਿਚ ਭਾਸ਼ਾ ਦਾ ਟਕਸਾਲੀ ਰੂਪ ਨਹੀਂ ਬਣ ਸਕੇਗਾ। ਇਸ ਸਿਲਸਿਲੇ ਵਿਚ ਹੇਠਾਂ ਲਿਖੀਆਂ ਕੁਝ ਗੱਲਾਂ ਧਿਆਨ ਵਿਚ ਰੱਖਣ ਦੀ ਜ਼ਰੂਰਤ ਹੈ।

1. ਕੇਂਦਰੀ ਪੰਜਾਬੀ ਜਾਂ ਟਕਸਾਲੀ ਰੂਪ ਦੇ ਉਚਾਰਨ ਵਾਲੀ ਭਾਸ਼ਾ ਨੂੰ ਅਪਨਾਇਆ ਜਾਵੇ। ਭਾਵ ਪੰਜਾਬ ਦੇ ਮਾਝਾ ਇਲਾਕੇ ਵਿਚ ਬੋਲੀ ਜਾਣ ਵਾਲੀ ਪੰਜਾਬੀ ਨੂੰ ਟਕਸਾਲੀ ਰੂਪ ਵਿਚ ਪ੍ਰਵਾਨ ਕੀਤਾ ਜਾਵੇ।
2. ਟਕਸਾਲੀ ਰੂਪ ਵਿਚ ਜਿਵੇਂ ਪੰਜਾਬੀ ਬੋਲੀ ਜਾਂਦੀ ਹੈ ਉਸੇ ਤਰ੍ਹਾਂ ਲਿਖਤ ਰੂਪ ਵਿਚ ਵੀ ਲਿਆਂਦੀ ਜਾਵੇ।
3. ਇਲਾਕਾਈ ਪ੍ਰਭਾਵ ਵਾਲੀ ਭਾਸ਼ਾ ਨੂੰ ਸਾਹਿਤਕ ਭਾਸ਼ਾ ਸਮਝਣ ਤੋਂ ਪਰਹੇਜ਼ ਕੀਤਾ ਜਾਵੇ। ਹਰ ਭਾਸ਼ਾ ਵਿਚ ਮੌਖਿਕ ਅਤੇ ਲਿਖਿਤ ਦੋ ਰੂਪ ਹੁੰਦੇ ਹਨ। ਪੰਜਾਬੀ ਭਾਸ਼ਾ ਵੀ ਇਸ ਪੱਖੋਂ ਅਛੂਤੀ ਨਹੀਂ।

ਸ਼ਬਦ ਜੋੜਾਂ ਦੇ ਸ਼ੁਧ ਰੂਪ ਨੂੰ ਸਮਝਣ ਅਤੇ ਗੁਰਮੁਖੀ ਲਿਪੀ ਦੇ ਪੂਰੇ ਵਰਨਾਂ ਅਤੇ ਮਾਤਰਾਵਾਂ ਦੇ ਨਾਲ ਨਾਲ ਲਗਾਖਰਾਂ ਦੀ ਸਮਝ ਅਤੇ ਪਹਿਚਾਣ ਹੋਣੀ ਜ਼ਰੂਰੀ ਹੈ। ਇਨ੍ਹਾਂ ਦੀ ਠੀਕ ਵਰਤੋਂ ਸ਼ਬਦ-ਜੋੜਾਂ ਵਿਚ ਹੋਣ ਵਾਲੀਆਂ ਅਸ਼ੁੱਧੀਆਂ ਨੂੰ ਘਟਾ ਸਕਦੀ ਹੈ। ਹੇਠ ਲਿਖੇ ਨਿਯਮਾਂ ਦੀ ਚੇਤੰਨਤਾ ਰਖਣੀ ਜ਼ਰੂਰੀ ਬਣਦੀ ਹੈ।

(1) ੳ ਵਰਣ ਦੇ ਨਾਲ ਸਿਰਫ ਬਿੰਦੀ ( ਂ ) ਦੀ ਵਰਤੋਂ ਕੀਤੀ ਜਾ ਸਕਦੀ ਹੈ।

(2) ਮੁਕਤਾ ਅੱਖਰ (ਵਰਨ) ਜੇ ਅਨੁਨਾਸਕ ਹੈ ਤਾਂ ਟਿੱਪੀ ( ੰ ) ਵਰਤੀ ਜਾਵੇ।

(3) ਅੱਧਕ ਦੀ ਵਰਤੋਂ ਮੁਕਤਾ ਵਰਨ, ਸਿਹਾਰੀ ( ਿ ), ਔਕੜ ( ੁ ) ਅਤੇ ਦੁਲਾਵਾਂ ( ੈ ) ਨਾਲ ਕੀਤੀ ਜਾਂਦੀ ਹੇ।

(4) ਕਿਸੇ ਸ਼ਬਦ ਵਿਚ ( ੇ ) ਦੀ ਆਵਾਜ਼ ਵਾਲੇ ਅੱਖਰ ਤੋਂ ਬਾਦ ਜੇਕਰ ਕੰਨਾ ਜਾਂ ਆ ( ਾ ) ਦੀ ਮਾਤਰਾ ਵਾਲਾ ਅੱਖਰ (ਧੁਨੀ) ਹੋਵੇ ਤਾਂ ( ੇ ) ਦੀ ਥਾਂ ਤੇ (ਇ) ਬਣ ਜਾਂਦਾ ਹੈ। ਇਹ ਪਰੰਪਰਾ ਹੈ ਪਰ ਹੈ ਨਿਯਮ ਵਰਗੀ।

(5) (ੳ) ਵਰਨ ਦੀ ਵਰਤੋਂ ਆਮਤੌਰ ’ਤੇ ਔਂਕੜ ( ੁ ), ਦੁਲੈਂਕੜੇ ( ੂ ), ਜਾਂ ਕਨੌੜਾ ( ੌ ) ਤੋਂ ਬਿਨਾਂ ਨਹੀਂ ਹੁੰਦੀ। ਹੋਰ ਮਾਤਰਾਵਾਂ ੳ ਦੇ ਨਾਲ ਨਹੀਂ ਵਰਤੀਆਂ ਜਾਂਦੀਆਂ।

## ਬਿੰਦੀ ਜਾਂ ਟਿੱਪੀ ਕਿੱਥੇ ਵਰਤੀਏ ?

ਉਚਾਰਨ ਵਿਚ ਪੰਜਾਬੀ ਭਾਸ਼ੀ ਸਮਾਜ ਅਨੁਨਾਸਕ ਧੁਨੀਆਂ ਆਪ ਮੁਹਾਰੇ ਹੀ ਵਧਾ ਰਿਹਾ ਹੈ। ਸਮਝਣ ਦੀ ਬਹੁਤ ਵੱਡੀ ਜ਼ਰੂਰਤ ਹੈ ਕਿ ਬਿੰਦੀ ਜਾਂ ਟਿੱਪੀ ਧੁਨੀ ਨੂੰ ਅਨੁਨਾਸਕ ਬਨਾਉਣ ਵਾਲੇ ਚਿੰਨ੍ਹ ਤਾਂ ਹਨ ਪਰ ਇਨ੍ਹਾਂ ਦੀ ਵਰਤੋਂ ਹਰ ਅਨੁਨਾਸਕ ਧੁਨੀ ਵਾਸਤੇ ਨਹੀਂ ਕੀਤੀ ਜਾ ਸਕਦੀ। ਇਕ ਵੇਲੇ ਇਕ ਦੀ ਵਰਤੋਂ ਹੋ ਸਕਦੀ ਹੈ। ਹੇਠਾਂ ਇਕ ਵੇਰਵਾ ਦਿੱਤਾ ਜਾ ਰਿਹਾ ਹੈ। ਇਸ ਅਨੁਸਾਰ ਵਰਤੋਂ ਕੀਤੀ ਜਾਣਾ ਚਾਹੀਦੀ ਹੈ।

ਬਿੰਦੀ ਦੀ ਵਰਤੋਂ ਹੇਠ ਲਿਖੀਆਂ ਮਾਤਰਾਵਾਂ ਨਾਲ ਕੀਤੀ ਜਾਂਦੀ ਹੈ।

ਕੰਨਾ ( ਾਂ ), ਬਿਹਾਰੀ ( ੀਂ ), ਲਾਂ ( ੇਂ ), ਦੁਲਾਵਾਂ ( ੈਂ ), ਹੋੜਾ ( ੋਂ ), ਕਨੋੜਾ ( ੌਂ )।

ਇਸੇ ਤਰ੍ਹਾਂ ਟਿੱਪੀ ਦੀ ਵਰਤੋਂ ਵੀ ਹੇਠ ਲਿਖੀਆਂ ਮਾਤਰਾਵਾਂ ਨਾਲ ਹੁੰਦੀ ਹੈ।

ਮੁਕਤਾ ( ੰ ), ਸਿਹਾਰੀ ( ਿੰ ), ਔਂਕੜ ( ੁੰ ), ਦੁਲੈਂਕੜੇ ( ੂੰ )

ਗੁਰਮੁਖੀ ਲਿਪੀ ਦਾ ਪਹਿਲਾ ਅੱਖਰ (ਚਿੰਨ੍ਹ) ਹੈ ‘ੳ’। ਇਸ ਅੱਖਰ ਦੇ ਕੇਵਲ ਬਿੰਦੀ ( ਂ ) ਵਰਤੀ ਜਾਦੀ ਹੈ, ਟਿੱਪੀ ਨਹੀਂ।

ਪੰਜਾਬੀ ਵਰਣਮਾਲਾ ਵਿਚ ਪੰਜ ਅਨੁਨਾਸਿਕ ਧੁਨੀਆਂ ਹਨ। ਇਨ੍ਹਾਂ ਪੰਜਾਂ ਧੁਨੀ ਚਿੰਨ੍ਹਾਂ ਦੇ ਨਾਲ ਬਿੰਦੀ ਜਾਂ ਟਿੱਪੀ ਨਹੀਂ ਲਗਾਈ ਜਾਂਦੀ।

ਇਹ ਅੱਖਰ ਹਨ ਙ, ਞ, ਣ, ਨ ਅਤੇ ਮ।

ਪੰਜਾਬੀ ਭਾਸ਼ਾ ਦੀ ਲਿਪੀ ਵਿਚ ਅਧਕ ਦਾ ਬਹੁਤ ਮਹੱਤਵ ਹੈ। ਕਿਸੇ ਵੀ ਅੱਖਰ ਦਾ ਦੂਹਰਾ ਉਚਾਰਨ ਕਰਨ ਵਾਸਤੇ ਉਸ ਉੱਪਰ ਅਧਕ ( ੱ ) ਦੀ ਵਰਤੋਂ ਕਰ ਲਈ ਜਾਂਦੀ ਹੈ ਅੱਧਾ ਅੱਖਰ ਲਿਖਣ ਦੀ ਜ਼ਰੂਰਤ ਨਹੀਂ ਹੁੰਦੀ। ਅਧਕ ਹਰ ਅੱਖਰ ਦੀ ਡੇਢ ਗੁਣਾਂ ਧੁਨੀ ਕੱਢਦੀ ਹੈ।

ਗੁਰਮੁਖੀ ਲਿਪੀ ਵਿਚ ਤਿੰਨ ਦੁੱਤ ਅੱਖਰ ਵੀ ਹਨ ਜੋ ਕਿ ਬੜੀ ਅਹਿਮ ਭੂਮਿਕਾ ਨਿਭਾਉਂਦੇ ਹਨ। ਇਹ ਹਨ :- ਹ, ਰ ਅਤੇ ਵ ਇਹ ਤਿੰਨੇ ਅੱਖਰ ਆਪਣੇ ਵਾਹਕ ਅੱਖਰ ਦੇ ਹੇਠਾਂ ਲੱਗ ਕੇ ਸ਼ਬਦ ਵਿਚਲੇ ਭਾਵ ਦਾ ਵਾਹਨ ਬਣਦੇ ਹਨ, ਜਿਵੇਂ :-

1. ਇਨ੍ਹਾਂ ਗੱਲਾਂ ਤੋਂ ਦੂਰ ਰਹੋ।
2. ਇਸ ਵਿਸ਼ੇ ਦਾ ਪੁਸਤਕ ਕ੍ਰਮ ਆਸਾਨ ਤੋਂ ਮੁਸ਼ਕਿਲ ਵੱਲ ਹੈ।
3. ਸ੍ਵੈ-ਜੀਵਨੀ, ਸ੍ਵੈ-ਵਿਸ਼ਵਾਸ, ਸ੍ਵੈ-ਸੰਜਮ ਆਦਿ।

ਸ਼ਬਦ ਭਾਵ ਸਪਸ਼ਟ ਕਰਦੇ ਹਨ।

## ਸ਼ਬਦ–ਸ਼ੁੱਧੀ :

ਸ਼ੁੱਧ ਉਚਾਰਨ ਹੀ ਸ਼ੁੱਧ ਲਿਖਤ ਦਾ ਅਧਾਰ ਹੁੰਦਾ ਹੈ। ਸ਼ਬਦਾਂ ਦੇ ਸ਼ੁੱਧ ਰੂਪ ਦੀ ਵਰਤੋਂ ਭਾਸ਼ਾ ਦੇ ਰੂਪਕ ਪੱਖ ਅਤੇ ਭਾਵ ਪੱਖ ਨੂੰ ਪ੍ਰਭਾਵ ਪੂਰਨ ਬਣਾਉਂਦੀ ਹੈ। ਇਹ ਕੰਮ ਅਧਿਆਪਕ ਦੀ ਮਿਹਨਤ ਅਤੇ ਲਗਨ ਰਾਹੀਂ ਹੀ ਸਫਲ ਹੋ ਸਕਦਾ ਹੈ। ਅਧਿਆਪਕ ਵਰਤੇ ਜਾ ਰਹੇ ਅਸ਼ੁੱਧ ਸ਼ਬਦਾਂ ਨੂੰ ਆਪਣੀ ਦੈਨਿਕ ਡਾਇਰੀ ਵਿਚ ਨੋਟ ਕਰੇ ਅਤੇ ਫਿਰ ਜਮਾਤ ਵਿਚ ਬਲੈਕ ਬੋਰਡ ਉਪਰ ਸ਼ਬਦਾਂ ਦੇ ਅਸ਼ੁੱਧ ਰੂਪ ਅਤੇ ਸ਼ੁੱਧ ਰੂਪ ਲਿਖ ਕੇ ਵਿਦਿਆਰਥੀਆਂ ਨੂੰ ਨਿਯਮ ਵੀ ਸਮਝਾਵੇ ਅਤੇ ਵਾਰ ਵਾਰ ਅਭਿਆਸ ਕਰਵਾਏ।

ਕੁਝ ਉਦਾਹਰਨਾਂ ਹੇਠਾਂ ਦਿਤੀਆਂ ਜਾ ਰਹੀਆਂ ਹਨ :-

| **ਅਸ਼ੁੱਧ** | **ਸ਼ੁੱਧ** |
|---|---|
| ਝੂਟ | ਝੂਠ |
| ਧੰਧਾ | ਧੰਦਾ |
| ਧੋਕਾ | ਧੋਖਾ |
| ਬੀਰ | ਵੀਰ |
| ਲੰਗ | ਲੰਘ |
| ਆਮਾਂਗਾ | ਆਵਾਂਗਾ |
| ਐਮੇ | ਐਵੇਂ |
| ਤੀਮੀਂ | ਤੀਵੀਂ |
| ਬਿਹੜਾ | ਵਿਹੜਾ |
| ਸੇਹਤ | ਸਿਹਤ |
| ਪੇਆਰ | ਪਿਆਰ |
| ਅਭਯਾਸ | ਅਭਿਆਸ |
| ਗਯਾਨੀ | ਗਿਆਨੀ |
| ਤਾਯਾ | ਤਾਇਆ |
| ਬਿਠਾਏਆ | ਬਿਠਾਇਆ |

ਜੇ ਉਚਾਰਨ ਸਮੇਂ ਕਿਸੇ ਸ਼ਬਦ ਵਿਚ ਪਹਿਲੇ ਅੱਖਰ ਨਾਲ 'ਲਾਂ' ਦੀ ਅਵਾਜ਼ ਮਹਿਸੂਸ ਹੁੰਦੀ ਹੈ, ਉਸ ਤੋਂ ਬਾਅਦ 'ਹ' ਮੁਕਤਾ ਕਰਕੇ ਆਉਂਦਾ ਹੈ ਅਤੇ ਉਸ ਤੋਂ ਬਾਅਦ ਵੀ ਕੋਈ ਅੱਖਰ ਹੋਰ ਲਿਖਿਆ ਜਾਂਦਾ ਹੈ ਤਾਂ 'ਹ' ਤੋਂ ਪਹਿਲੇ ਅੱਖਰ ਦੀ 'ਲਾਂ' ਦੀ ਅਵਾਜ਼ ਸਿਹਾਰੀ ਵਿਚ ਬਦਲ ਜਾਵੇਗੀ। ਉਦਾਹਰਨ ਵਜੋਂ :-

| **ਅਸ਼ੁੱਧ** | **ਸ਼ੁੱਧ** |
|---|---|
| ਕੇਹੜਾ | ਕਿਹੜਾ |
| ਵੇਹੜਾ | ਵਿਹੜਾ |
| ਏਹਨਾਂ | ਇਹਨਾਂ |
| ਜੇਹੜਾ | ਜਿਹੜਾ |

ਪਰ ਜੇ 'ਹ' ਆਖਰ ਵਿਚ ਆਉਂਦਾ ਹੈ ਤਾਂ ਸ਼ਬਦ-ਜੋੜ ਨਹੀਂ ਬਦਲੇਗਾ। ਜਿਵੇਂ :- ਤੇਹ, ਥੇਹ, ਖੇਹ ਆਦਿ।

ਪਰ ਜਦੋਂ ਬੋਲਣ ਸਮੇਂ 'ਹ' ਤੋਂ ਪਹਿਲੇ ਅੱਖਰ ਨਾਲ 'ਦੁਲਾਵਾਂ' ਦਾ ਉਚਾਰਨ ਆਉਂਦਾ ਹੈ ਤਾਂ ਉਹ 'ਹ' ਨਾਲ ਸਿਹਾਰੀ ਵਿਚ ਬਦਲ ਜਾਵੇਗਾ। ਜਿਵੇਂ :-

| **ਅਸ਼ੁੱਧ** | **ਸ਼ੁੱਧ** |
|---|---|
| ਸ਼ੈਹਰ | ਸ਼ਹਿਰ |
| ਰੈਂਹਦਾ | ਰਹਿੰਦਾ |
| ਨੈਹਰੂ | ਨਹਿਰੂ |

ਇਸੇ ਤਰ੍ਹਾਂ ਜਦੋਂ 'ਹ' ਸ਼ਬਦ ਦੇ ਵਿਚਕਾਰ ਹੋਵੇ ਤੇ ਉਸ ਤੋਂ ਪਹਿਲੇ ਅੱਖਰ ਦਾ ਉਚਾਰਨ ੋ (ਹੋੜਾ) ਹੋਵੇ ਤਾਂ ਉਹ ਔਂਕੜ ( ੁ ) ਵਿਚ ਬਦਲ ਜਾਂਦਾ ਹੈ। ਜਿਵੇਂ :-

| **ਅਸ਼ੁੱਧ** | **ਸ਼ੁੱਧ** |
|---|---|
| ਸੋਹਣਾ | ਸੁਹਣਾ |
| ਕੋਹਜ | ਕੁਹਜ |

ਜੇ 'ਹ' ਸ਼ਬਦ ਦੇ ਵਿਚਕਾਰ ਹੈ ਅਤੇ ਉਸ ਤੋਂ ਪਹਿਲੇ ਅੱਖਰ ਦੀ ਅਵਾਜ ਕਨੋੜਾ ( ੌ ) ਦੀ ਹੋਵੇ ਤਾਂ ਉਹ 'ਹ' ਨੂੰ ਔਂਕੜ ( ੁ ) ਵਿਚ ਬਦਲ ਜਾਂਦੀ ਹੈ। ਉਦਾਹਰਨ ਵਜੋਂ :-

| **ਅਸ਼ੁੱਧ** | **ਸ਼ੁੱਧ** |
|---|---|
| ਸੌਹਰਾ | ਸਹੁਰਾ |
| ਬੌਹਤ | ਬਹੁਤ |
| ਵੌਹਟੀ | ਵਹੁਟੀ |

ਣ ਅਤੇ ਨ ਨਾਲ ਸੰਬੰਧਤ ਪੰਜਾਬੀ ਸ਼ਬਦ-ਜੋੜ ਦੇ ਨਿਯਮ

ਪੰਜਾਬੀ ਵਿਚ ਜਿਨ੍ਹਾਂ ਕਿਰਿਆ ਮੂਲ ਸ਼ਬਦਾਂ ਦੀ ਅੰਤਮ ਧੁਨੀ ਣ, ਰ, ਲ ਜਾਂ ੜ ਹੈ ਤਾਂ ਉਹਨਾਂ ਦੀ ( ) ਕਿਰਿਆ 'ਨ' ਲਗਾ ਕੇ ਬਣਾਉਣੀ ਚਾਹੀਦੀ ਹੈ। ਇਹ ਨਿਯਮ ਹੋਰਨਾਂ ਸ਼ਬਦਾਂ ਵਾਸਤੇ ਵੀ ਪ੍ਰਵਾਨਿਤ ਹੈ, ਭਾਵੇਂ ਉਹ ਕਿਰਿਆਤਮਕ ਨਾ ਵੀ ਹੋਵੇ। ਉਦਾਹਰਨ ਵਜੋਂ :-

| **ਅਸ਼ੁੱਧ** | **ਸ਼ੁੱਧ** |
|---|---|
| ਕਰਣਾ | ਕਰਨਾ |
| ਚੜ੍ਹਣਾ | ਚੜ੍ਹਨਾ |
| ਵਿਆਕਰਣ | ਵਿਆਕਰਨ |

ਪਰ ਨਿਯਮ ਖਾਸ ਨਾਵਾਂ 'ਤੇ ਲਾਗੂ ਨਹੀਂ ਹੁੰਦਾ। ਉੱਥੇ ਰਣਜੀਤ, ਰਣਦੀਪ ਆਦਿ ਸ਼ਬਦ ਠੀਕ ਹਨ।

ਪਰ ਜਿਨ੍ਹਾਂ ਕਿਰਿਆ ਮੂਲ ਸ਼ਬਦਾਂ ਦੀ ਅੰਤਮ ਧੁਨੀ ਣ, ਰ, ਲ ਜਾਂ ੜ ਨਹੀਂ ਹੈ, ਕੋਈ ਹੋਰ ਵਿਅੰਜਨ ਜਾਂ ਮਾਤਰਾ ਹੈ, ਉਹਨਾਂ ਅੰਤਮ ਕਿਰਿਆ 'ਣ' ਨਾਲ ਕੰਨਾ ਲਗਾਕੇ ਹੀ ਬਣਾਉਣੀ ਠੀਕ ਹੈ। ਜਿਵੇਂ :-

| **ਅਸ਼ੁੱਧ** | **ਸ਼ੁੱਧ** |
|---|---|
| ਖਾਨਾ | ਖਾਣਾ |
| ਬੈਠਨਾ | ਬੈਠਣਾ |
| ਲਿਖਨਾ | ਲਿਖਣਾ |

ਸ਼ਬਦ-ਜੋੜਾਂ ਵਿਚ ਹੋਣ ਵਾਲੀਆਂ ਕੁਝ ਵਿਸ਼ੇਸ਼ ਗਲਤੀਆਂ

ਜਿਨ੍ਹਾਂ ਸ਼ਬਦਾਂ ਵਿਚ ਪਹਿਲੇ ਦੋਵੇਂ ਦੀਰਘ ਸ੍ਵਰ ਹੁੰਦੇ ਹਨ ਤਾਂ ਉਹਨਾਂ ਵਿਚ ਪਹਿਲਾ ਹਰਸ੍ਵ (ਲਘੂ) ਕੀਤਾ ਜਾਂਦਾ ਹੈ। ਜਿਵੇਂ :-

| **ਅਸ਼ੁੱਧ** | **ਸ਼ੁੱਧ** |
|---|---|
| ਆਕਾਸ਼ | ਅਕਾਸ਼ |
| ਆਜ਼ਾਦ | ਅਜ਼ਾਦ |
| ਸਾਧਾਰਨ | ਸਧਾਰਨ |
| ਗੋਦਾਮ | ਗੁਦਾਮ |

ਸੰਸਕ੍ਰਿਤ ਦੇ ਮੂਲ ਸ਼ਬਦਾਂ ਦੇ ਅੰਤ ਵਿਚ ਜਿੱਥੇ ਸੰਯੁਕਤ ਵਿਅੰਜਨ ਆਉਂਦਾ ਹੈ, ਉੱਥੇ ਪੰਜਾਬੀ ਵਿਚ ਇਹ ਵਿਅੰਜਨ ਵੱਖਰੇ-ਵੱਖਰੇ ਕਰਕੇ ਲਿਖੇ ਜਾਂਦੇ ਹਨ। ਉਦਾਹਰਨ ਵਜੋ :-

| **ਅਸ਼ੁੱਧ** | **ਸ਼ੁੱਧ** |
|---|---|
| ਇੰਦ੍ਰ | ਇੰਦਰ |
| ਪੁਤ੍ਰ | ਪੁੱਤਰ |
| ਈਸ਼ਵ੍ਰ | ਈਸ਼ਵਰ |
| ਅੰਗ੍ਰੇਜ਼ੀ | ਅੰਗਰੇਜ਼ੀ |

ਇਥੇ ਅਸੀਂ ਕੁਝ ਚੋਣਵੇਂ ਨਿਯਮ ਦਿੱਤੇ ਹਨ, ਇਹਨਾਂ ਤੋਂ ਇਲਾਵਾ ਵੀ ਸ਼ਬਦ-ਜੋੜਾਂ ਦੇ ਬਹੁਤ ਸਾਰੇ ਨਿਯਮ ਹਨ। ਭਾਸ਼ਾ ਇਕ ਵਹਿੰਦਾ ਦਰਿਆ ਹੈ, ਇਸਦੇ ਸ਼ਬਦ-ਜੋੜਾਂ ਦੇ ਨਿਯਮ ਸਮੇਂ-ਸਮੇਂ ਅਨੁਸਾਰ ਬਦਲਦੇ ਰਹਿੰਦੇ ਹਨ। ਇਹਨਾਂ ਨੂੰ ਸਮਝਣ ਲਈ ਸਾਨੂੰ ਆਪਣੇ ਸਾਥੀ ਅਧਿਆਪਕਾਂ, ਵਿਦਵਾਨਾਂ ਜਾਂ ਸ਼ਬਦ-ਜੋੜ ਕੋਸ਼ ਦੀ ਮਦਦ ਲੈਣੀ ਚਾਹੀਦੀ ਹੈ।

# ਉਚਾਰਨ (Pronunciation)

**ਤੀਰਥ ਸਿੰਘ**

ਭਾਸ਼ਾ ਦੇ ਦੋ ਪ੍ਰਮੁੱਖ ਰੂਪ ਹੁੰਦੇ ਹਨ। ਪਹਿਲਾ ਮੌਖਿਕ ਅਤੇ ਦੂਜਾ ਲਿਖਤ। ਭਾਸ਼ਾ ਦੇ ਮੂਕ ਰੂਪ ਦੀ ਵਰਤੋਂ ਬਹੁਤ ਹੀ ਘੱਟ ਹੁੰਦੀ ਹੈ। ਸਭ ਤੋਂ ਵੱਧ ਵਰਤਿਆ ਜਾਣ ਵਾਲਾ ਰੂਪ ਮੌਖਿਕ ਭਾਸ਼ਾ ਹੁੰਦਾ ਹੈ। ਮਨੁੱਖੀ ਸਮਾਜ ਆਪਸੀ ਵਿਚਾਰ-ਵਟਾਂਦਰੇ ਵਾਸਤੇ ਬੋਲ ਕੇ ਹੀ ਆਪਣਾ ਦ੍ਰਿਸ਼ਟੀਕੋਣ ਸਮਝਾਉਂਦਾ ਹੈ। ਭਾਵ ਸੰਚਾਰ ਦਾ ਮੌਖਿਕ ਢੰਗ ਆਦਿ ਕਾਲ ਤੋਂ ਚਲਿਆ ਆ ਰਿਹਾ ਹੈ। ਕਰੋੜਾਂ ਸਾਲਾਂ ਤਕ ਮਾਨਵ ਜਾਤ ਮੌਖਿਕ ਜਾਂ ਜ਼ਬਾਨੀ ਹੀ ਕੰਮ ਚਲਾਉਂਦੀ ਰਹੀ। ਇਸ ਭਾਵ ਸੰਚਾਰ ਦਾ ਚਲਨ ਹੀ ਸਮਾਜਿਕ ਪ੍ਰਬੰਧ ਦਾ ਆਧਾਰ ਸਾਧਨ ਰਿਹਾ। ਇਸ ਸਾਧਨ ਦੀ ਸ਼ੁੱਧਤਾ ਬੁਲਾਰੇ ਦੇ ਉਚਾਰਨ ਤੇ ਨਿਰਭਰ ਕਰਦੀ ਰਹੀ। ਜੇ ਉਚਾਰਨ ਵਿਚ ਕੋਈ ਗਲਤੀ ਰਹਿ ਜਾਂਦੀ ਜਾਂ ਗੱਲ ਦਾ ਭਾਵ ਗਲਤ ਸਮਝ ਲਿਆ ਜਾਂਦਾ ਅਤੇ ਬਹੁਤ ਵੱਡੇ ਵੱਡੇ ਬਖੇੜੇ ਖੜ੍ਹੇ ਹੋ ਜਾਂਦੇ ਰਹੇ। ਇਸ ਲਈ ਉਚਾਰਨ ਦੀ ਸ਼ੁੱਧਤਾ ਅਤੇ ਸਪਸ਼ਟਤਾ ਦਾ ਬਹੁਤ ਮਹੱਤਵ ਹੁੰਦਾ ਹੈ। ਉਚਾਰਨ ਹੀ ਸਾਡੇ ਅੰਦਰਲੇ ਭਾਵਾਂ ਦਾ ਪ੍ਰਗਟਾਵਾ ਬਣਦਾ ਹੈ।

ਪੁਰਾਤਨ ਮਹਾਂਰਿਸ਼ੀ ਪਾਣਿਨੀ ਜੋ ਕਿ ਸੰਸਾਰ ਦੇ ਪਹਿਲੇ ਅਤੇ ਮਹਾਨ ਵਿਆਕਰਨਕ ਨਿਯਮਾਂ ਦੇ ਉੱਚਤਮ ਵਿਦਵਾਨ ਹੋਏ ਹਨ, ਉਨ੍ਹਾਂ ਨੇ ਕਿਹਾ ਸੀ, "ਬੁੱਧੀ ਆਤਮਕ ਪੱਧਰ 'ਤੇ ਪਹਿਲਾਂ ਸਾਨੂੰ ਅਰਥ ਬੋਧ ਕਰਵਾਉਂਦੀ ਹੈ ਉਸ ਤੋਂ ਬਾਅਦ ਮਨ ਬੋਲਣ ਦੀ ਅਨੁਮਤੀ ਪ੍ਰਦਾਨ ਕਰਦਾ ਹੈ।"

ਉਚਾਰਨ ਬਾਰੇ ਅਵੇਸਲੇ ਹੋ ਜਾਣ ਕਾਰਨ ਹੀ ਭਾਸ਼ਾਈ ਉਚਾਰਨ ਦੋਸ਼ ਪੂਰਨ ਹੋ ਗਿਆ ਹੈ, ਅਸ਼ੁੱਧ ਹੁੰਦਾ ਜਾ ਰਿਹਾ ਹੈ। ਉਚਾਰਨ ਵਿਚਲੀ ਅਸ਼ੁੱਧੀ ਭਾਸ਼ਾ ਦਾ ਰੂਪ ਹੀ ਵਿਗਾੜ ਦਿੰਦੀ ਹੈ। ਚੰਗੀ ਭਲੀ ਭਾਸ਼ਾ ਲੋਕਾਂ ਦੇ ਮਜ਼ਾਕ ਦਾ ਵਿਸ਼ਾ ਬਣ ਜਾਂਦੀ ਹੈ।

ਭਾਸ਼ਾ ਦੇ ਖੇਤਰ ਵਿਚ ਕੰਮ ਕਰਨ ਵਾਲੇ ਲੇਖਕਾਂ, ਵਿਦਵਾਨਾਂ ਅਤੇ ਅਧਿਆਪਕਾਂ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਉਚਾਰਨ ਸੰਬੰਧੀ ਸਮਸਿਆਵਾਂ ਪ੍ਰਤੀ ਚੇਤੰਨ ਹੋ ਕੇ ਇਸ ਕਮੀ ਨੂੰ ਦੂਰ ਕਰਨ ਵਲ ਕਦਮ ਪੁਟਦੇ ਰਹਿਣ।

## ਅਸ਼ੁੱਧ ਉਚਾਰਨ ਦੀ ਸਮੱਸਿਆ ਅਤੇ ਕਾਰਨ

ਅਸ਼ੁੱਧ ਉਚਾਰਨ ਵਾਸਤੇ ਪੰਜਾਬੀ ਦੇ ਵਿਦਿਆਰਥੀ ਦਾ ਕਸੂਰ ਘੱਟ ਹੈ। ਉਸ ਦੇ ਘਰ ਅਤੇ ਸਕੂਲ ਜ਼ਿਆਦਾ ਜ਼ਿੰਮੇਵਾਰ ਹਨ। ਬੱਚਾ ਘਰ ਵਿਚ ਜੇ ਅਸ਼ੁੱਧ ਉਚਾਰਨ ਕਰਕੇ ਬੋਲਦਾ ਹੈ ਤਾਂ ਮਾਪੇ ਉਸ ਗ਼ਲਤੀ ਨੂੰ ਸੁਧਾਰਨ ਦੀ ਥਾਂ ਬੱਚੇ ਨੂੰ ਸ਼ੁੱਧ ਸਮਝਾਉਣ ਦੀ ਥਾਂ ਉਸ ਗਲਤੀ ਉੱਤੇ ਹੱਸਦੇ ਹੁੰਦੇ ਹਨ। ਬੱਚਾ ਇਸ ਕਮੀ

ਨੂੰ ਆਪਣੀ ਵਿਸ਼ੇਸ਼ਤਾ ਸਮਝ ਬੈਠਦਾ ਹੈ। ਸਕੂਲ ਪਹੁੰਚਣ ਤਕ ਉਹ ਅਸ਼ੁੱਧ ਉਚਾਰਨ ਪੱਕਾ ਹੋ ਚੁੱਕਾ ਹੁੰਦਾ ਹੈ। ਅਧਿਆਪਕ ਵੀ ਸੁਧਾਰਨ ਦੀ ਖੇਚਲ ਨਹੀਂ ਕਰਦੇ। ਨਤੀਜਾ ਪੱਕਾ ਅਸ਼ੁੱਧ ਉਚਾਰਨ ਇਕ ਆਦਤ ਬਣ ਜਾਂਦੀ ਹੈ। ਜੀਵਨ ਭਰ ਉਸ ਅਸ਼ੁੱਧੀ ਪ੍ਰਤੀ ਚੇਤੰਨਤਾ ਨਹੀਂ ਆਉਂਦੀ। ਅਧਿਆਪਕ ਵੀ (Content Matter) ਵੱਲ ਹੀ ਝਾਤ ਪਾਉਂਦੇ ਹਨ। ਭਾਸ਼ਾ ਦੀ ਰੂਪਕ ਅਸ਼ੁੱਧੀ ਵਲ ਕੋਈ ਧਿਆਨ ਨਹੀਂ ਦਿੱਤਾ ਜਾਂਦਾ। ਇਹ ਸਥਿਤੀ ਬੜੀ ਵੱਡੀ ਚਿੰਤਾ ਦਾ ਵਿਸ਼ਾ ਹੈ।

## ਉਚਾਰਨ ਵਿਚ ਅਸ਼ੁੱਧੀਆਂ ਦੇ ਕਾਰਨ

**1. ਪੰਜਾਬੀ ਭਾਸ਼ਾ ਬਾਰੇ ਹਲਕੀ ਸੋਚ :–** ਆਮ ਲੋਕ ਵੀ, ਮਾਪੇ ਵੀ ਅਤੇ ਸਕੂਲ ਦਾ ਅਧਿਆਪਕ ਵਰਗ ਵੀ ਪੰਜਾਬੀ ਭਾਸ਼ਾ ਨੂੰ ਬਹੁਤ ਹਲਕੇ ਵਿਸ਼ੇ ਦੇ ਤੌਰ ਤੇ ਗਿਣਦੇ ਹਨ। ਆਮ ਸੋਚ ਹੈ ਕਿ “ਪੰਜਾਬੀ ਤਾਂ ਬੱਚੇ ਘਰੋਂ ਹੀ ਪੜ੍ਹ ਕੇ ਆਉਂਦੇ ਹਨ” ਜਾਂ “ਪੰਜਾਬੀ ਪੜ੍ਹ ਕੇ ਕਿਹੜਾ ਕੋਈ ਚੱਜ ਦੀ ਨੌਕਰੀ ਮਿਲਣੀ ਹੈ” ਇਸ ਸੋਚ ਦਾ ਸ਼ਿਕਾਰ ਪੰਜਾਬੀ ਵਿਦਿਆਰਥੀ ਬਣਦੇ ਹਨ। ਇਹ ਵੀ ਸੱਚ ਹੈ ਕਿ ਘਰਾਂ ਵਿਚ ਠੇਠ ਅਤੇ ਸ਼ੁੱਧ ਉਚਾਰਨ ਵਾਲੀ ਪੰਜਾਬੀ ਨਹੀਂ ਬੋਲੀ ਜਾਂਦੀ। ਬੱਚੇ ਨੂੰ ਸਕੂਲ ਵਿਚ ਭੇਜਣ ਦਾ ਮਕਸਦ ਹੀ ਉਸ ਦੀਆਂ ਭਾਸ਼ਾਈ ਕਮਜ਼ੋਰੀਆਂ ਨੂੰ ਦੂਰ ਕਰਨਾ ਹੁੰਦਾ ਹੈ ਜੋ ਕਿ ਅਧਿਆਪਕ ਵਰਗ ਦੀ ਅਣਗਹਿਲੀ ਕਰਕੇ ਨਹੀਂ ਹੋ ਰਿਹਾ।

**2. ਪਾਠ ਪੁਸਤਕ ਤੱਕ ਸੀਮਿਤ :–** ਅਧਿਆਪਕੀ ਵਰਗ ਦੀਆਂ ਕੁਝ ਸੀਮਾਵਾਂ ਦੇ ਕਾਰਨ ਅਧਿਆਪਨ ਕਾਰਜ ਸਿਰਫ ਪਾਠ ਪੁਸਤਕ ਤੱਕ ਸੀਮਿਤ ਹੋ ਕੇ ਰਹਿ ਗਿਆ ਹੈ। ਅਧਿਆਪਨ ਸਹਾਇਕ ਕ੍ਰਿਆਵਾਂ ਆਟੇ ਵਿਚ ਲੂਣ ਬਰਾਬਰ ਰਹਿ ਗਈਆਂ ਹਨ। ਬੱਚੇ ਨੂੰ ਜਿਤਨਾ ਮੌਖਿਕ ਬੋਲਣ ਦਾ ਸਮਾਂ ਮਿਲੇਗਾ, ਉਤਨਾ ਹੀ ਉਹ ਖੁਲ੍ਹ ਕੇ ਬੋਲੇਗਾ। ਉਸ ਦਾ ਬੋਲਣ ਵਿਚ ਝਾਕਾ ਖਤਮ ਹੁੰਦਾ ਜਾਵੇਗਾ। ਨਤੀਜੇ ਵਜੋਂ ਭਾਸ਼ਾ ਉਚਾਰਨ ਵੀ ਸਹਿਜੇ ਸਹਿਜੇ ਸ਼ੁਧ ਹੁੰਦਾ ਜਾਵੇਗਾ।

**3. ਸਰੀਰਕ ਦੋਸ਼ :–** ਮਨੁਖੀ ਸਰੀਰ ਅਣਮੋਲ ਰੱਬੀ ਦਾਤ ਹੈ ਪਰ ਕਦੀ ਇਸ ਵਿਚ ਕੁਝ ਪੈਦਾਇਸ਼ੀ ਊਣਤਾਵਾਂ ਹੁੰਦੀਆਂ ਹਨ ਜਿਵੇਂ ਉਚਾਰਨ ਅੰਗਾਂ ਵਿਚ ਕਿਸੇ ਕਮੀ ਕਾਰਨ ਉਚਾਰਨ ਵਿਚ ਸਪਸ਼ਟਤਾ ਨਹੀਂ ਹੁੰਦੀ। ਕੁਝ ਵਰਣਾਂ ਨੂੰ ਉਹ ਸ਼ੁਧ ਨਹੀਂ ਉਚਾਰ ਸਕਦਾ। ਜਿਵੇਂ ਜੀਭ ਦੇ ਹੇਠ ਤੰਦੂਏ ਦਾ ਹੋਣਾ। ਇਸ ਦੋਸ਼ ਵਾਲੇ ਲੋਕ ਕ ਨੂੰ ਤ ਉਚਾਰਨ ਕਰਦੇ ਹਨ। ਬਚਪਨ ਵਿਚ ਇਕ ਛੋਟੇ ਜਿਹੇ ਚੀਰੇ (operation) ਨਾਲ ਇਹ ਦੋਸ਼ ਖਤਮ ਹੋ ਜਾਂਦਾ ਹੈ। ਪਰ ਕੁਝ ਮਾਪੇ ਧਿਆਨ ਹੀ ਨਹੀਂ ਦਿੰਦੇ ਤੇ ਬੱਚੇ ਹੀਣ ਭਾਵਨਾ (Inferiority Complex) ਦਾ ਸ਼ਿਕਾਰ ਹੋ ਜਾਂਦੇ ਹਨ। ਉਨ੍ਹਾਂ ਦਾ ਮਾਨਸਿਕ ਵਿਕਾਸ ਰੁਕ ਜਾਂਦਾ ਹੈ।

**4. ਭੂਗੋਲਿਕ ਕਾਰਨ :–** ਇਹ ਇਕ ਸਥਾਪਿਤ ਤੱਥ ਹੈ ਕਿ ਬੋਲੀ ਉਪਰ ਇਲਾਕਾਈ ਪ੍ਰਭਾਵ ਜ਼ਰੂਰ ਹੁੰਦਾ ਹੈ। ਪੰਜਾਬ ਵਿਚ ਵੀ ਪੰਜਾਬੀ ਭਾਸ਼ਾ ਉਤੇ ਸਥਾਨਕ ਪ੍ਰਭਾਵ ਸਪਸ਼ਟ ਹਨ। ਕਿਸੇ ਇਲਾਕਾ ਵਿਸ਼ੇਸ਼ ਦੇ ਸਾਰੇ ਲੋਕ ਹੀ ਕਿਸੇ ਅੱਖਰ (ਵਰਨ) ਵਿਸ਼ੇਸ਼ ਦਾ ਉਚਾਰਨ ਗਲਤ ਕਰਦੇ ਹਨ। ਇਕ ਖੇਤਰ ਦੇ ਲੋਕ ‘ਛ’ ਦਾ ਉਚਾਰਨ ‘ਸ਼’ ਰੂਪ ਵਿਚ ਕਰਦੇ ਹਨ, ਇਕ ਹੋਰ ਖੇਤਰ ਦੇ ਸਾਰੇ ਲੋਕ ‘ਵ’ ਨੂੰ ‘ਬ’ ਬੋਲਦੇ ਹਨ। ਇਹ ਗਲਤੀ ਕਾਫੀ ਵੱਡੀ ਹੈ ਪਰ ਥੋੜ੍ਹੇ ਜਿਹੇ ਅਧਿਆਪਕੀ ਯਤਨ ਨਾਲ ਇਹ ਠੀਕ ਹੋ ਸਕਦੀ ਹੈ।

## ਅਸ਼ੁੱਧ ਉਚਾਰਨ ਦੇ ਭੇਦ

ਪੰਜਾਬੀ ਲੋਕ ਬੋਲਣ ਵੇਲੇ ਕਈ ਪ੍ਰਕਾਰ ਦੀਆਂ ਅਸ਼ੁੱਧੀਆਂ ਕਰਦੇ ਰਹਿੰਦੇ ਹਨ। ਇਹ ਸਭ ਕੁਝ ਸਹਿਜ ਸੁਭਾ ਜਾਂ ਅਨਜਾਣੇ ਹੀ ਹੋ ਜਾਂਦਾ ਹੈ ਜਿਵੇਂ :-

1. ਕਿਸੇ ਸ਼ਬਦ ਵਿਚ ਕੋਈ ਸਵਰ ਜਾਂ ਧੁਨੀ ਘਟਾ ਕੇ ਬੋਲਣਾ ਜਿਵੇਂ ਸ੍ਵਰ ਨੂੰ ਸੁਰ ਬੋਲ ਦਿੱਤਾ ਜਾਂਦਾ ਹੈ।
2. ਕਦੇ ਕਦੇ ਸ਼ਬਦ ਵਿਚ ਕੋਈ ਵਿਅੰਜਨ ਹੀ ਅਲੋਪ ਕਰ ਦਿੱਤਾ ਜਾਂਦਾ ਹੈ ਜਿਵੇਂ ਅੱਜ ਕਲ੍ਹ ਗਾਇਕ ਲੋਕ 'ਨਾਲ' ਨੂੰ ਨਾ ਬੋਲ ਰਹੇ ਹਨ।
3. ਵਰਨਾਂ ਦੇ ਸਥਾਨ ਪਰਿਵਰਤਨ ਨਾਲ ਉਚਾਰਨ ਅਸ਼ੁੱਧ ਹੋ ਜਾਂਦਾ ਹੈ, ਜਿਵੇਂ ਮਤਲਬ ਸ਼ਬਦ ਨੂੰ 'ਮਤਬਲ' ਅਤੇ 'ਚਾਕੂ' ਨੂੰ 'ਕਾਚੂ' ਬੋਲ ਦਿੱਤਾ ਜਾਂਦਾ ਹੈ।
4. ਪੰਜਾਬੀ ਵਿਚ 'ਨ' ਅਤੇ 'ਣ' ਧੁਨੀਆਂ ਦੀ ਵਰਤੋਂ ਵਿਚ ਵੀ ਬਹੁਤ ਭੁਲੇਖਾ ਪਾ ਦਿੱਤਾ ਗਿਆ ਹੈ ਜਾਂ ਪੈ ਗਿਆ ਹੈ ਜਿਵੇਂ 'ਪਾਣੀ' ਨੂੰ 'ਪਾਨੀ' ਅਤੇ 'ਕਹਾਣੀ' ਨੂੰ 'ਕਹਾਨੀ' ਬੋਲਣ ਦਾ ਚਲਨ ਬਹੁਤ ਹੈ। ਇਹ ਬਹੁਤ ਗਿਣਤੀ ਭਾਸ਼ੀ ਲੋਕਾਂ ਦੇ ਬੋਲਚਾਲ ਦਾ ਪ੍ਰਭਾਵ ਹੈ। ਕੰਮ ਚਲ ਜਾਂਦਾ ਹੈ ਪਰ ਅਸ਼ੁੱਧ ਉਚਾਰਨ ਹੈ।
5. ਇਸੇ ਪ੍ਰਕਾਰ 'ਡ', 'ਢ' ਤੇ 'ੜ' ਦੀ ਵਰਤੋਂ ਵੇਲੇ ਵੀ ਗਲਤੀ ਆਮ ਲਗਦੀ ਹੈ 'ਯ' ਤੇ 'ਜ' ਅਤੇ 'ਬ' ਤੇ 'ਭ' ਦਾ ਨਖੇੜਾ ਨਾ ਕਰਨਾ ਅਤੇ ਨਾ ਸਮਝਣਾ ਵੀ ਉਚਾਰਨ ਵਿਚ ਗਲਤੀ ਦਾ ਕਾਰਨ ਬਣਦਾ ਹੈ। ਉਦਾਹਰਨ ਦੇ ਤੌਰ 'ਤੇ ...

## ਅਸ਼ੁੱਧ ਉਚਾਰਨ ਸੁਧਾਰਨ ਦੇ ਉਪਚਾਰਕ ਸੁਝਾਅ

ਉਚਾਰਨ ਵਿਚ ਅਸ਼ੁੱਧੀ ਦੇ ਜੋ ਵੀ ਕਾਰਨ ਹੋਣ, ਉਨ੍ਹਾਂ ਦੇ ਸੁਧਾਰ ਦੀ ਪੂਰੀ-ਪੂਰੀ ਸੰਭਾਵਨਾ ਹੈ। ਅਜੋਕੀ ਸਿੱਖਿਆ ਦਾ ਮੁੱਖ ਉਦੇਸ਼ ਵਿਦਿਆਰਥੀ ਦਾ ਬਹੁਪੱਖੀ ਵਿਕਾਸ ਹੈ। ਹਰ ਪਹਿਲੂ ਦੇ ਸੁਧਾਰ ਵਿਚ ਸਕੂਲ ਦੇ ਵਾਤਾਵਰਨ ਅਤੇ ਅਧਿਆਪਕੀ ਕਾਰਜ ਦੀ ਪ੍ਰਮੁੱਖ ਭੂਮਿਕਾ ਹੈ। ਵੇਖਿਆ ਗਿਆ ਹੈ ਕਿ ਬਹੁਤ ਸਾਰੀਆਂ ਨਿੱਜੀ ਅਤੇ ਪ੍ਰਬੰਧਕੀ ਸਮੱਸਿਆਵਾਂ ਦੇ ਬਾਵਜੂਦ ਕੁਝ ਅਧਿਆਪਕ ਆਪਣੇ ਫਰਜ਼ ਪ੍ਰਤੀ ਬਹੁਤ ਇਮਾਨਦਾਰ ਹੁੰਦੇ ਹਨ। ਵਿਦਿਆਰਥੀ ਦੀ ਸਹਾਇਤਾ ਵਾਸਤੇ ਹਰ ਵੇਲੇ ਤਤਪਰ ਹੁੰਦੇ ਹਨ। ਵਿਦਿਆਰਥੀ-ਅਧਿਆਪਕ ਸੰਬੰਧਾਂ ਵਿਚ ਹਮੇਸ਼ਾ ਮਿਠਾਸ ਬਣਾਈ ਰਖਦੇ ਹਨ। ਵਿਦਿਆਰਥੀ ਵੀ ਉਨ੍ਹਾਂ ਦਾ ਬਹੁਤ ਸਤਿਕਾਰ ਕਰਦੇ ਹਨ। ਜੇਕਰ ਸਕੂਲ ਪ੍ਰਬੰਧ ਅਤੇ ਹਰ ਅਧਿਆਪਕ ਇਸ ਭਾਵਨਾ ਨੂੰ ਆਪਣੇ ਸੁਭਾ ਦਾ ਹਿੱਸਾ ਬਣਾ ਲਵੇ ਤਾਂ ਵਿਦਿਆਰਥੀ ਵਰਗ ਦਾ ਬਹੁਤ ਹਿਤ-ਸਾਧਨ ਹੋ ਸਕਦਾ ਹੈ।

ਉਚਾਰਨ ਅਸ਼ੁੱਧੀ ਦੀ ਸਮੱਸਿਆ ਵੀ ਹੇਠ ਲਿਖੇ ਕੁਝ ਉੱਦਮਾਂ ਨਾਲ ਘਟਾਈ ਜਾ ਸਕਦੀ ਹੈ :-

### 1. ਉਚਾਰਨ-ਅੰਗਾਂ ਦਾ ਗਿਆਨ

ਭਾਸ਼ਾ ਦੇ ਹਰ ਅਧਿਆਪਕ ਨੂੰ ਧੁਨੀ-ਉਚਾਰ ਅੰਗਾਂ ਦਾ ਗਿਆਨ ਹੋਣਾ ਚਾਹੀਦਾ ਹੈ। ਉਨ੍ਹਾਂ ਦੀ ਵਰਤੋਂ ਵੇਲੇ ਆਪ ਮੁਹਾਰੇ ਹੋ ਰਹੀਆਂ ਗਲਤੀਆਂ ਨੂੰ ਅਧਿਆਪਕ ਸਮਝੇ ਅਤੇ ਵਿਦਿਆਰਥੀਆਂ ਨੂੰ ਸਮਝਾਵੇ।

## 2. ਸਰੀਰਕ ਦੋਸ਼ਾਂ ਦਾ ਇਲਾਜ

ਜਿਹੜੇ ਵਿਦਿਆਰਥੀ ਕਿਸੇ ਸਰੀਰਕ ਘਾਟ ਕਾਰਨ ਸ਼ੁੱਧ ਉਚਾਰਨ ਨਹੀਂ ਕਰ ਸਕਦੇ, ਸਕੂਲ ਵਲੋਂ ਉਨ੍ਹਾਂ ਦੇ ਮਾਪਿਆਂ ਨਾਲ ਸੰਪਰਕ ਕੀਤਾ ਜਾਵੇ। ਵਿਦਿਆਰਥੀ ਦਾ ਡਾਕਟਰੀ ਇਲਾਜ ਕਰਵਾਇਆ ਜਾਵੇ। ਜ਼ਰੂਰਤ ਅਨੁਸਾਰ ਆਰਥਕ ਮਦਦ ਵੀ ਕੀਤੀ ਜਾਣੀ ਚਾਹੀਦੀ ਹੈ। ਇਲਾਜ ਦਾ ਪ੍ਰਬੰਧ ਸਰਕਾਰੀ, ਉਚੇਚਾ ਅਤੇ ਮੁਫਤ ਹੋਵੇ।

## 3. ਸਨੇਹ ਪੂਰਨ ਵਿਵਹਾਰ

ਉਚਾਰਨ ਵਿਚ ਅਸ਼ੁੱਧੀ ਦੇ ਕਾਰਨ ਅਧਿਆਪਕ ਕਦੀ ਭੁੱਲ ਕੇ ਵੀ ਬੱਚੇ ਨੂੰ ਮਜ਼ਾਕ ਨਾ ਕਰ ਬੈਠੇ। ਪ੍ਰਭਾਵਤ ਵਿਦਿਆਰਥੀ ਵੱਲ ਅਧਿਆਪਕ ਦਾ ਵਿਵਹਾਰ ਬਹੁਤ ਸਨੇਹ ਪੂਰਨ ਅਤੇ ਆਪਣੇਪਣ ਵਾਲਾ ਹੋਵੇਗਾ ਤਾਂ ਸਮੱਸਿਆ ਘਟੇਗੀ। ਸੁਧਾਰ ਵੀ ਛੇਤੀ ਹੋ ਸਕੇਗਾ। ਪੂਰੀ ਜਮਾਤ ਨੂੰ ਇਸ ਗੱਲ ਦੀ ਹਿਦਾਇਤ ਦਿੱਤੀ ਜਾਣੀ ਚਾਹੀਦੀ ਹੈ ਕਿ ਸਰੀਰਕ ਕਮੀ ਕਿਸੇ ਨੂੰ ਵੀ, ਕਿਸੇ ਸਮੇਂ ਤੇ ਆ ਸਕਦੀ ਹੈ। ਇਸ ਦਾ ਮਜ਼ਾਕ ਉਡਾਉਣਾ ਬੁਰੀ ਗੱਲ ਹੈ।

## 4. ਲਗਾਤਾਰ ਅਭਿਆਸ

ਇੰਜ ਵੀ ਹੁੰਦਾ ਹੈ ਕਿ ਬਿਨਾਂ ਕਿਸੇ ਕਾਰਨ ਦੇ ਉਚਾਰਨ ਵਿਚ ਅਸ਼ੁੱਧੀ ਹੈ। ਇਸ ਅਵਸਥਾ ਵਿਚ ਅਧਿਆਪਕ ਅਤੇ ਪ੍ਰਭਾਵਿਤ ਵਿਦਿਆਰਥੀ ਨੂੰ ਇਕ ਦ੍ਰਿੜ੍ਹ ਫੈਸਲਾ ਲੈਣਾ ਪਵੇਗਾ ਕਿ ਸ਼ੁੱਧੀ ਦਾ ਲਗਾਤਾਰ, ਵਾਰ ਵਾਰ ਅਭਿਆਸ ਕਰਨਾ ਹੈ। ਇਕ ਦੋ ਦਿਨ ਵਿਚ ਹੀ ਸਫਲ ਨਤੀਜਾ ਸਾਹਮਣੇ ਹੋਵੇਗਾ।

## 5. ਅਨੁਕਰਨ ਵਿਧੀ ਅਤੇ ਸਮੂਹਿਕ ਉਚਾਰਨ ਅਭਿਆਸ

ਪੁਰਾਤਨ ਸਿਖਿਆ ਪ੍ਰਣਾਲੀ ਵਿਚ ਇਹ ਇਕ ਆਮ ਚਲਨ ਸੀ ਕਿ ਵਿਦਿਆਰਥੀਆਂ ਨੂੰ ਸਮੂਹਿਕ ਤੌਰ ਤੇ ਕੁਝ ਉਚਾਰਨ ਅਭਿਆਸ ਕਰਵਾਏ ਜਾਂਦੇ ਸਨ ਅਤੇ ਉਚਾਰਨ ਸਬੰਧੀ ਕੁਝ ਸਮੱਸਿਆਵਾਂ ਆਪਣੇ ਆਪ ਹੀ ਹੱਲ ਹੋ ਜਾਂਦੀਆਂ ਸਨ। ਹੁਣ ਵੀ ਉਚਾਰਨ ਪ੍ਰਤਿਯੋਗਤਾਵਾਂ ਤੇ ਆਦਰਸ਼ ਪਾਠ ਵਿਧੀ ਉਚਾਰਨ ਦੋਸ਼ਾਂ ਦੇ ਉਪਚਾਰ ਵਜੋਂ ਵਰਤੀ ਜਾ ਸਕਦੀ ਹੈ।

ਉਪਰੋਕਤ ਵੇਰਵਾ ਅਧਿਆਪਕੀ ਕਾਰਜ ਨੂੰ ਸੁਚੱਜੇ ਢੰਗ ਨਾਲ ਨਿਭਾਉਣ ਵਿਚ ਸਹਾਈ ਹੋ ਸਕਦਾ ਹੈ। ਅਧਿਆਪਕ ਵਰਗ ਸਾਰਾ ਹੀ ਸੁਯੋਗ ਹੈ, ਉੱਚ ਸਿਖਿਆ ਪ੍ਰਾਪਤ ਹੈ। ਹਰ ਸਮੱਸਿਆ ਨੂੰ ਦੂਰ ਕਰਨ ਦੇ ਸਮਰਥ ਹੈ। ਉਚਾਰਨ ਵੀ ਇਕ ਸਮੱਸਿਆ ਹੈ ਅਤੇ ਅਧਿਆਪਕ ਇਸ ਸਮੱਸਿਆ ਨੂੰ ਬਹੁਤ ਹੱਦ ਤੱਕ ਦੂਰ ਕਰ ਸਕਦੇ ਹਨ।

# ਪ੍ਰਭਾਵਸ਼ਾਲੀ ਲਿਖਣ ਕੌਸ਼ਲ

**ਬਲਵਿੰਦਰ ਕੌਰ ਖੁਰਾਣਾ**

ਭਾਸ਼ਾ ਸੰਚਾਰ ਦਾ ਇਕ ਮਾਧਿਅਮ ਹੈ। ਭਾਸ਼ਾ ਨਾਲ ਮਨੁੱਖ ਦਾ ਸੰਬੰਧ ਪੈਦਾ ਹੁੰਦਿਆਂ ਹੀ ਪੈ ਜਾਂਦਾ ਹੈ। ਭਾਸ਼ਾ ਦੇ ਚਾਰ ਕੌਸ਼ਲ ਮੰਨੇ ਜਾਂਦੇ ਹਨ—ਸੁਣਨਾ, ਬੋਲਣਾ, ਪੜ੍ਹਨਾ ਤੇ ਲਿਖਣਾ। ਬੱਚਾ ਪਹਿਲੇ ਦੂਸਰੇ ਦੁਆਰਾ ਬੋਲੇ ਗਏ ਸ਼ਬਦਾਂ ਨੂੰ ਸੁਣਦਾ ਹੈ, ਸਮਝਣ ਦੀ ਕੋਸ਼ਿਸ਼ ਕਰਦਾ ਹੈ ਤੇ ਫਿਰ ਬੋਲਣਾ ਸ਼ੁਰੂ ਕਰਦਾ ਹੈ। ਬੱਚਾ ਜਿਸ ਤਰ੍ਹਾਂ ਸੁਣਦਾ ਹੈ, ਓਸੇ ਤਰ੍ਹਾਂ ਬੋਲਣ ਦੀ ਨਕਲ ਕਰਦਾ ਹੈ। ਉਸ ਤੋਂ ਬਾਅਦ ਵਾਰੀ ਪੜ੍ਹਨ ਕੌਸ਼ਲ ਦੀ ਆਉਂਦੀ ਹੈ, ਜਿਸ ਵਿਚ ਬੱਚੇ ਦੇ ਮਾਤਾ-ਪਿਤਾ ਅਤੇ ਅਧਿਆਪਕ ਉਸ ਦੀ ਇਸ ਕੰਮ ਵਿਚ ਮਦਦ ਕਰਦੇ ਹਨ। ਪੜ੍ਹਣ ਕੌਸ਼ਲ ਤੋਂ ਬਾਅਦ ਆਉਂਦਾ ਹੈ-ਲਿਖਣ ਕੌਸ਼ਲ। ਲਿਖਣ ਕੌਸ਼ਲ ਸਭ ਤੋਂ ਵੱਧ ਮਹੱਤਵਪੂਰਨ ਹੈ। ਪਹਿਲੇ ਤਿੰਨ ਕੌਸ਼ਲ ਤਾਂ ਬੱਚਾ ਸਹਿਜੇ ਹੀ ਸਿੱਖ ਲੈਂਦਾ ਹੈ। ਪਰ ਲਿਖਣ ਵਿਚ ਮੁਹਾਰਤ ਹਾਸਲ ਕਰਨ ਲਈ ਲਗਾਤਾਰ ਅਭਿਆਸ ਦੀ ਲੋੜ ਹੁੰਦੀ ਹੈ, ਵੱਖ-ਵੱਖ ਕਿਤਾਬਾਂ, ਰਸਾਲਿਆਂ ਅਤੇ ਅਖਬਾਰਾਂ ਨੂੰ ਪੜ੍ਹਨਾ ਹੁੰਦਾ ਹੈ, ਨਵੀਆਂ ਤਕਨੀਕਾਂ ਤੋਂ ਜਾਣੂ ਹੋਣਾ ਵੀ ਜ਼ਰੂਰੀ ਹੁੰਦਾ ਹੈ।

ਲਿਖਣਾ ਇਕ ਕਲਾ ਹੈ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਲਿਖਣ ਲਈ ਅਭਿਆਸ ਦੇ ਨਾਲ-ਨਾਲ ਅਧਿਆਪਕਾਂ ਦੀ ਸੇਧ ਬਹੁਤ ਜ਼ਰੂਰੀ ਹੁੰਦੀ ਹੈ।

ਕੰਪਿਊਟਰ, ਮੋਬਾਇਲ ਅਤੇ ਇੰਟਰਨੈੱਟ ਨੇ ਜਿੱਥੇ ਤਕਨੀਕੀ ਕ੍ਰਾਂਤੀ ਲਿਆਂਦੀ ਹੈ, ਉੱਥੇ ਸਾਡੀ ਜ਼ਿੰਦਗੀ ਨੂੰ ਵੀ ਬਹੁਤ ਪ੍ਰਭਾਵਤ ਕੀਤਾ ਹੈ। ਕੁਝ ਸਾਲ ਪਹਿਲੇ ਰਿਸ਼ਤੇਦਾਰਾਂ, ਦੋਸਤਾਂ, ਸਹੇਲੀਆਂ ਨੂੰ ਚਿੱਠੀਆਂ ਲਿਖਣ ਦਾ ਰਿਵਾਜ਼ ਸੀ। ਖ਼ੂਬਸੂਰਤ ਲੰਮੀਆਂ ਚਿੱਠੀਆਂ ਰਾਹੀਂ ਇਕ ਦੂਜੇ ਦਾ ਹਾਲ ਜਾਣਿਆ ਜਾਂਦਾ ਸੀ, ਕਵਿਤਾ ਦੀਆਂ ਕੁਝ ਸਤਰਾਂ, ਸ਼ੇਅਰੋ-ਸ਼ਾਇਰੀ ਰਾਹੀਂ ਆਪਣੇ ਦਿਲ ਦੇ ਭਾਵ ਪ੍ਰਗਟ ਕੀਤੇ ਜਾਂਦੇ ਸਨ। ਚਿੱਠੀਆਂ ਰਾਹੀਂ ਬੱਚਾ ਸਹਿਜੇ ਹੀ ਲਿਖਣ ਵਿਚ ਮੁਹਾਰਤ ਹਾਸਲ ਕਰ ਲੈਂਦਾ ਸੀ। ਲੰਮੇ ਲੰਮੇ ਲੇਖ ਵੀ ਉਸ ਦੀ ਲਿਖਣ ਕਲਾ ਨੂੰ ਨਿਖਾਰਦੇ ਸਨ।

ਹੁਣ ਸਮਾਂ ਬਦਲ ਗਿਆ ਹੈ ਅਤੇ ਸਮੇਂ ਦੇ ਬਦਲਣ ਨਾਲ ਭਾਸ਼ਾ ਦਾ ਰੂਪ ਅਤੇ ਲਿਖਣ ਢੰਗ ਵੀ ਬਦਲ ਗਿਆ ਹੈ। ਪ੍ਰਚਾਰ ਅਤੇ ਪ੍ਰਸਾਰ ਦੇ ਇਸ ਯੁੱਗ ਵਿਚ ਇਸ਼ਤਿਹਾਰਬਾਜ਼ੀ, ਈ-ਮੇਲ, ਐੱਸ.ਐੱਮ.ਐੱਸ. (ਸੰਦੇਸ਼) ਅਤੇ ਰਿਪੋਰਟ ਆਦਿ ਪ੍ਰਭਾਵਸ਼ਾਲੀ ਲਿਖਣ ਕੌਸ਼ਲ ਵਿਚ ਆਪਣੀਆਂ ਜੜ੍ਹਾਂ ਪੱਕੀ ਤੌਰ 'ਤੇ ਪਸਾਰ ਚੁੱਕੇ ਹਨ।

ਨੌਵੀਂ ਅਤੇ ਦਸਵੀਂ ਜਮਾਤ ਦੇ ਪਾਠ-ਕ੍ਰਮ ਵਿਚ ਸ਼ਾਮਲ ਲਿਖਣ ਕੌਸ਼ਲਾਂ ਨੂੰ ਅਸੀਂ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ :-

1. ਪਰੰਪਰਾਗਤ ਲਿਖਣ ਕੌਸ਼ਲ — ਲੇਖ/ਨਿਬੰਧ, ਚਿੱਠੀ-ਪੱਤਰ, ਨੋਟਿਸ (ਸੂਚਨਾ)

2. ਪ੍ਰਿੰਟ ਮੀਡੀਆ — ਇਸ਼ਤਿਹਾਰ, ਤਸਵੀਰ ਦੇ ਆਧਾਰ 'ਤੇ ਵਰਨਣ।

ਪਰੰਪਰਾਗਤ ਲਿਖਣ ਕੌਸ਼ਲ—ਤਕਨੀਕ ਨੇ ਭਾਵੇਂ ਸਾਡੇ ਜੀਵਨ ਅਤੇ ਭਾਸ਼ਾ ਦੋਹਾਂ ਉੱਤੇ ਕੁਝ ਹੱਦ ਤੱਕ ਮਾਰੂ ਅਸਰ ਕੀਤਾ ਹੈ ਪਰ ਫਿਰ ਵੀ ਲੇਖ ਅਤੇ ਚਿੱਠੀਆਂ ਦਾ ਮਹੱਤਵ ਅੱਜ ਵੀ ਕਾਇਮ ਹੈ।

**ਲੇਖ :** ਕਿਸੇ ਵਿਸ਼ੇ ਬਾਰੇ ਕ੍ਰਮ-ਬੱਧ ਤਰੀਕੇ ਨਾਲ ਲਿਖਕੇ ਆਪਣੇ ਵਿਚਾਰ ਪੇਸ਼ ਕਰਨ ਦੀ ਕਲਾ ਨੂੰ ਲੇਖ/ਨਿਬੰਧ ਕਹਿੰਦੇ ਹਨ।

ਸੈਕੰਡਰੀ ਪੱਧਰ ਦੀਆਂ ਜਮਾਤਾਂ ਲਈ ਲੇਖਾਂ ਦਾ ਵਰਗੀਕਰਨ ਹੇਠ ਲਿਖੇ ਅਨੁਸਾਰ ਹੈ :-

**ਵਿਚਾਰਾਤਮਕ ਜਾਂ ਵਿਚਾਰ-ਪ੍ਰਧਾਨ ਲੇਖ :** ਜਿਹੜੇ ਲੇਖਾਂ ਵਿਚ ਵਿਚਾਰ, ਚਿੰਤਨ ਅਤੇ ਤਰਕ ਪ੍ਰਧਾਨ ਹੁੰਦਾ ਹੈ, ਉਹਨਾਂ ਨੂੰ ਵਿਚਾਰਾਤਮਕ ਲੇਖ ਕਹਿੰਦੇ ਹਨ। ਇਹ ਲੇਖ ਕਿਸੇ ਸਮਾਜਕ, ਆਰਥਕ, ਰਾਜਨੀਤਕ, ਵਿਗਿਆਨਕ ਅਤੇ ਵਿਦਿਅਕ ਸਮੱਸਿਆ ਨਾਲ ਸੰਬੰਧਤ ਹੁੰਦੇ ਹਨ। ਸਮੱਸਿਆ ਨੂੰ ਸਮਝ ਕੇ ਦਲੀਲਾਂ ਦੀ ਕਸੌਟੀ ਉੱਤੇ ਪਰਖਣਾ ਹੁੰਦਾ ਹੈ। ਆਪਣੇ ਵਿਚਾਰ ਪੇਸ਼ ਕਰਨੇ ਹੁੰਦੇ ਹਨ। ਵਿਚਾਰਾਂ ਦੀ ਲੜੀਬੱਧਤਾ ਕਾਇਮ ਰੱਖਦੇ ਹੋਏ ਕਿਸੇ ਨਤੀਜੇ 'ਤੇ ਪਹੁੰਚਣਾ ਹੁੰਦਾ ਹੈ। ਜਿਵੇਂ :- ਦਾਜ ਦੀ ਸਮੱਸਿਆ, ਪ੍ਰਦੂਸ਼ਣ, ਬੇਰੁਜ਼ਗਾਰੀ, ਮਹਿੰਗਾਈ, ਨਸ਼ਾਖੋਰੀ ਆਦਿ। ਇਸ ਤੋਂ ਇਲਾਵਾ ਗੁਰਬਾਣੀ ਦੀ ਕਿਸੇ ਤੁੱਕ ਉੱਤੇ ਅਧਾਰਤ ਲੇਖ ਵੀ ਇਸੇ ਅਧੀਨ ਆਉਂਦੇ ਹਨ। ਜਿਵੇਂ :- "ਮਿਠਤੁ ਨੀਵੀਂ ਨਾਨਕਾ ਗੁਣ ਚੰਗਿਆਈਆ ਤਤੁ" ਇਸ ਤੁੱਕ ਨੂੰ ਆਧਾਰ ਬਣਾ ਕੇ ਗੁਰਬਾਣੀ ਦੇ ਸੰਦਰਭ ਵਿਚ ਆਪਣੇ ਵਿਚਾਰ ਪੇਸ਼ ਕੀਤੇ ਜਾਂਦੇ ਹਨ।

**ਆਮ ਵਿਸ਼ੇ :** ਆਮ ਵਿਸ਼ਿਆਂ ਨਾਲ ਸੰਬੰਧਤ ਲੇਖਾਂ ਦਾ ਘੇਰਾ ਕਾਫੀ ਵਿਸ਼ਾਲ ਹੈ। ਸਾਡੇ ਰੋਜ਼ਾਨਾ ਜੀਵਨ ਨਾਲ ਸੰਬੰਧਤ ਵਿਸ਼ੇ, ਚਲੰਤ ਵਿਸ਼ੇ ਜਿਵੇਂ :- ਮੋਬਾਇਲ, ਇੰਟਰਨੈੱਟ, ਕੰਪਿਊਟਰ, ਮੈਟਰੋ, ਆਵਾਜਾਈ, ਗਲੋਬਲ ਵਾਰਮਿੰਗ, ਧਰਮ ਨਿਰਪੱਖਤਾ ਆਦਿ ਕੋਈ ਵੀ ਵਿਸ਼ਾ ਹੋ ਸਕਦਾ ਹੈ। ਅਜਿਹੇ ਵਿਸ਼ੇ ਉੱਤੇ ਲੇਖ ਲਿਖਣ ਲਈ ਵਿਦਿਆਰਥੀ ਨੂੰ ਵਿਸ਼ੇ ਨਾਲ ਸੰਬੰਧਤ ਗਿਆਨ ਹੋਣਾ ਚਾਹੀਦਾ ਹੈ। ਉਹ ਗਿਆਨ ਕਿਤਾਬਾਂ, ਅਖ਼ਬਾਰਾਂ, ਟੀ.ਵੀ. ਅਤੇ ਸੋਸ਼ਲ ਮੀਡੀਆ ਤੋਂ ਪ੍ਰਾਪਤ ਕੀਤਾ ਜਾ ਸਕਦਾ ਹੈ। ਜਿਥੇ ਅੰਕੜੇ ਦੇਣ ਦੀ ਲੋੜ ਹੈ, ਅੰਕੜੇ ਬਿਲਕੁਲ ਦਰੁਸਤ ਹੋਣੇ ਚਾਹੀਦੇ ਹਨ ਅਤੇ ਵਿਸ਼ੇ ਉਤੇ ਮਜ਼ਬੂਤ ਪਕੜ ਹੋਣੀ ਚਾਹੀਦੀ ਹੈ।

## ਲੇਖ ਲਿਖਣ ਦਾ ਢੰਗ

ਆਦਿ, ਮੱਧ ਅਤੇ ਅੰਤ : ਲੇਖ ਦਾ ਅਰੰਭ ਬਹੁਤ ਹੀ ਦਿਲਚਸਪ ਅਤੇ ਪ੍ਰਭਾਵਸ਼ਾਲੀ ਹੋਣਾ ਚਾਹੀਦਾ ਹੈ। ਕਿਹਾ ਜਾਂਦਾ ਹੈ ਕਿ 'Well begun is half done' ਭਾਵ ਚੰਗੀ ਸ਼ੁਰੂਆਤ ਨਾਲ ਹੀ ਅੱਧਾ ਕੰਮ ਹੋ ਜਾਂਦਾ ਹੈ। ਕਿਸੇ ਕਵਿਤਾ ਜਾਂ ਗੁਰਬਾਣੀ ਦੀ ਤੁੱਕ ਤੋਂ ਲੇਖ ਦਾ ਆਰੰਭ ਕੀਤਾ ਜਾ ਸਕਦਾ ਹੈ। ਭੂਮਿਕਾ ਇਸ ਤਰ੍ਹਾਂ ਦੀ ਹੋਣੀ ਚਾਹੀਦੀ ਹੈ ਕਿ ਵਿਸ਼ਾ ਸਪਸ਼ਟ ਹੋ ਜਾਵੇ। ਇਧਰ ਉਧਰ ਦੀਆਂ ਗੱਲਾਂ ਕਰਨ ਦੀ ਬਜਾਏ ਚਿੜੀ ਦੀ ਅੱਖ ਵਾਂਗ ਨਿਸ਼ਾਨਾ ਸਿੱਧਾ ਵਿਸ਼ੇ ਉੱਤੇ ਕੇਂਦਰਤ ਹੋਣਾ ਚਾਹੀਦਾ ਹੈ। ਮੱਧ ਭਾਗ ਅਰੰਭ ਅਤੇ ਅੰਤ ਨਾਲੋਂ ਵੱਡਾ ਹੁੰਦਾ ਹੈ। ਇਸ ਭਾਗ ਵਿਚ ਵਿਸ਼ੇ ਬਾਰੇ ਵਿਸਥਾਰ ਵਿਚ ਚਰਚਾ ਹੁੰਦੀ ਹੈ, ਸਮੱਸਿਆ ਦੇ ਕਾਰਨ ਦੱਸੇ ਜਾਂਦੇ ਹਨ ਅਤੇ ਉਸ ਦੇ ਮਾਰੂ ਅਸਰ ਬਾਰੇ ਗੱਲ ਕੀਤੀ ਜਾਂਦੀ ਹੈ। ਅੰਤ ਵਿਚ ਕਿਸੇ ਸਿੱਟੇ 'ਤੇ ਪਹੁੰਚਿਆ ਜਾਂਦਾ ਹੈ, ਵਿਸ਼ੇ ਜਾਂ ਸਮੱਸਿਆ ਦਾ ਸਮਾਧਾਨ ਦਰਸਾਇਆ ਜਾਂਦਾ ਹੈ। ਵਧੀਆ ਸ਼ਬਦਾਂ ਨਾਲ ਲੇਖ ਦਾ ਅੰਤ ਕੀਤਾ ਜਾਂਦਾ ਹੈ।

**ਭਾਸ਼ਾ :** ਭਾਸ਼ਾ ਸ਼ੁੱਧ, ਸਰਲ ਅਤੇ ਸਪਸ਼ਟ ਹੋਣੀ ਚਾਹੀਦੀ ਹੈ। ਛੋਟੇ ਛੋਟੇ ਵਾਕਾਂ ਰਾਹੀਂ ਵਿਚਾਰਾਂ ਦਾ ਪ੍ਰਗਟਾ ਕਰਨਾ ਚਾਹੀਦਾ ਹੈ। ਅਖਾਣ, ਮੁਹਾਵਰੇ ਅਤੇ ਪ੍ਰਸਿੱਧ ਵਿਅਕਤੀਆਂ ਦੇ ਕਥਨਾਂ ਨਾਲ ਲੇਖ ਨੂੰ ਸ਼ਿੰਗਾਰਿਆ, ਸੰਵਾਰਿਆ ਜਾ ਸਕਦਾ ਹੈ।

**ਵਿਚਾਰਾਂ ਦੀ ਲੜੀਬੱਧਤਾ :** ਲੇਖ ਵਿਚ ਪੇਸ਼ ਵਿਚਾਰ ਮੌਲਿਕ ਅਤੇ ਲੜੀਬੱਧ ਹੋਣੇ ਚਾਹੀਦੇ ਹਨ। ਕਈ ਵਾਰ ਵੇਖਣ ਵਿਚ ਆਉਂਦਾ ਹੈ ਕਿ ਵਿਸ਼ੇ ਦੀ ਜਾਣਕਾਰੀ ਹੋਣ ਦੇ ਬਾਵਜੂਦ ਵਿਦਿਆਰਥੀ ਵਿਚਾਰਾਂ ਨੂੰ ਲੜੀਬੱਧ ਤਰੀਕੇ ਨਾਲ ਪਰੋ ਨਹੀਂ ਸਕਦੇ। ਜਿਵੇਂ ਕਿਸੇ ਸਮੱਸਿਆ ਦਾ ਹੱਲ ਪਹਿਲੇ ਅਤੇ ਕਾਰਨ ਬਾਅਦ ਵਿਚ ਦੱਸੇ ਜਾਂਦੇ ਹਨ। ਇਸ ਨਾਲ ਲੇਖ ਅਸਰਹੀਣ ਹੋ ਜਾਂਦਾ ਹੈ।

**ਲੇਖ ਲਿਖਣ ਲਈ ਸਮੱਗਰੀ :** ਲੇਖ ਲਿਖਣ ਲਈ ਵਿਦਿਆਰਥੀਆਂ ਨੂੰ ਵੱਧ ਤੋਂ ਵੱਧ ਪੁਸਤਕਾਂ, ਰਸਾਲੇ ਅਤੇ ਅਖ਼ਬਾਰਾਂ ਪੜ੍ਹਨੀਆਂ ਚਾਹੀਦੀਆਂ ਹਨ। ਵਿਦਿਆਰਥੀ ਕੋਲ ਜਿੰਨੀ ਜ਼ਿਆਦਾ ਸਮਗਰੀ ਹੋਵੇਗੀ, ਉਸਦੀ ਭਾਸ਼ਾ ਓਨੀ ਹੀ ਅਮੀਰ ਹੋਵੇਗੀ।

**2. ਚਿੱਠੀ-ਪੱਤਰ—**ਅੱਜ ਦੇ ਕੰਪਿਊਟਰ ਯੁੱਗ ਵਿਚ ਵੀ ਚਿੱਠੀਆਂ ਦਾ ਮਹੱਤਵ ਕਾਇਮ ਹੈ। ਭਾਵੇਂ ਚਿੱਠੀ-ਪੱਤਰ ਹੁਣ ਘੱਟ ਲਿਖੇ ਜਾ ਰਹੇ ਹਨ ਪਰ ਦਫ਼ਤਰਾਂ ਦੇ ਅਧਿਕਾਰੀਆਂ ਨੂੰ, ਸੰਪਾਦਕ ਜਾਂ ਪ੍ਰਕਾਸ਼ਕ ਨੂੰ, ਸਕੂਲ/ਕਾਲਜ ਦੇ ਪ੍ਰਿੰਸੀਪਲ ਨੂੰ ਅੱਜ ਵੀ ਚਿੱਠੀਆਂ ਲਿਖਣ ਦੀ ਲੋੜ ਪੈਂਦੀ ਹੈ। ਦੂਰ-ਦੁਰਾਡੇ ਪਿੰਡਾਂ ਵਿਚ ਜਿੱਥੇ ਅਜੇ ਮੋਬਾਇਲ ਅਤੇ ਇੰਟਰਨੈੱਟ ਨੇ ਆਪਣੀ ਪੂਰੀ ਪਹੁੰਚ ਨਹੀਂ ਬਣਾਈ, ਉੱਥੇ ਨਿੱਜੀ ਚਿੱਠੀਆਂ ਅੱਜ ਵੀ ਪ੍ਰਚਲਤ ਵਿਚ ਹਨ।

ਚਿੱਠੀਆਂ ਨੂੰ ਅਸੀਂ ਦੋ ਸ਼੍ਰੇਣੀਆਂ ਵਿਚ ਵੰਡ ਸਕਦੇ ਹਾਂ :-

1. ਰਸਮੀ ਚਿੱਠੀਆਂ : ਵਪਾਰਕ, ਦਫ਼ਤਰੀ, ਪ੍ਰਾਰਥਨਾ ਪੱਤਰ।
2. ਗੈਰ ਰਸਮੀ ਚਿੱਠੀਆਂ : ਦੋਸਤਾਂ/ਸਹੇਲੀਆਂ, ਵਾਕਫ਼ਕਾਰਾਂ ਅਤੇ ਰਿਸ਼ਤੇਦਾਰਾਂ ਦੇ ਨਾਂ ਪੱਤਰ।

## 1. ਰਸਮੀ ਚਿੱਠੀਆਂ :

ਇਹ ਚਿੱਠੀਆਂ ਵਪਾਰ ਜਾਂ ਰੁਜ਼ਗਾਰ ਨਾਲ ਸੰਬੰਧਤ ਦੁਕਾਨਦਾਰਾਂ, ਵਪਾਰੀ ਫਰਮਾਂ, ਪ੍ਰਿੰਸੀਪਲ ਕਿਸੇ ਦਫ਼ਤਰ ਦੇ ਅਧਿਕਾਰੀ, ਚੇਅਰਮੈਨ, ਪ੍ਰਬੰਧਕ, ਕਿਸੇ ਅਖਬਾਰ ਦੇ ਸੰਪਾਦਕ ਜਾਂ ਪ੍ਰਕਾਸ਼ਕ ਨੂੰ ਆਮ ਵਿਅਕਤੀਆਂ ਵਲੋਂ ਕਿਸੇ ਕੰਮ ਲਈ ਲਿਖੀਆਂ ਜਾਂਦੀਆਂ ਹਨ। ਇਨ੍ਹਾਂ ਵਿਚ ਕੋਈ ਬੇਲੋੜਾ ਵੇਰਵਾ ਨਹੀਂ ਹੁੰਦਾ, ਕੰਮ-ਕਾਜ ਨਾਲ ਸੰਬੰਧਤ ਗੱਲ ਹੁੰਦੀ ਹੈ। ਰਸਮੀ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ। ਅਰੰਭ ਵਿਚ ਅਧਿਕਾਰੀ ਨੂੰ ਸੰਬੋਧਨ, ਪਤਾ ਅਤੇ ਤਾਰੀਖ ਹੁੰਦੀ ਹੈ, ਫਿਰ ਵਿਸ਼ਾ ਅਤੇ ਅੰਤ ਉਤੇ ਭੇਜਣ ਵਾਲੇ ਦਾ ਨਾਂ ਅਤੇ ਪਤਾ ਹੁੰਦਾ ਹੈ। ਭਾਸ਼ਾ ਸਰਲ ਅਤੇ ਸਪਸ਼ਟ ਹੁੰਦੀ ਹੈ ਅਤੇ ਆਦਰ ਸੂਚਕ ਸ਼ਬਦਾਂ ਦਾ ਪ੍ਰਯੋਗ ਕੀਤਾ ਜਾਂਦਾ ਹੈ।

## 2. ਗ਼ੈਰ ਰਸਮੀ ਚਿੱਠੀਆਂ ਜਾਂ ਨਿੱਜੀ-ਪੱਤਰ :

ਇਹ ਚਿੱਠੀਆਂ ਅਸੀਂ ਆਪਣੇ ਵਾਕਫ਼ਕਾਰਾਂ, ਦੋਸਤਾਂ, ਸਹੇਲੀਆਂ ਜਾਂ ਰਿਸ਼ਤੇਦਾਰਾਂ ਨੂੰ ਲਿਖਦੇ ਹਾਂ। ਨਿੱਜੀ ਚਿੱਠੀਆਂ ਵਿਚ ਅਸੀਂ ਬੇਝਿਜਕ ਆਪਣੇ ਦਿਲ ਦਾ ਹਾਲ ਲਿਖ ਸਕਦੇ ਹਾਂ। ਦੁੱਖ-ਸੁੱਖ ਸਾਂਝਾ ਕਰ ਸਕਦੇ ਹਾਂ। ਇਹਨਾਂ ਚਿੱਠੀਆਂ ਦਾ ਆਕਾਰ ਵੱਡਾ ਵੀ ਹੋ ਸਕਦਾ ਹੈ ਅਤੇ ਛੋਟਾ ਵੀ। ਇਹਨਾਂ ਚਿੱਠੀਆਂ ਵਿਚ ਸੰਬੋਧਨ ਉਮਰ ਅਤੇ ਰਿਸ਼ਤੇ ਨੂੰ ਧਿਆਨ ਵਿਚ ਰੱਖਕੇ ਲਿਖਿਆ ਜਾਂਦਾ ਹੈ। ਜਿਵੇਂ ਵੱਡਿਆਂ ਲਈ ਸਤਿਕਾਰਯੋਗ, ਛੋਟਿਆਂ ਅਤੇ ਹਮਉਮਰ ਲਈ ਪਿਆਰਾ ਜਾਂ ਪਿਆਰੀ ਲਿਖ ਸਕਦੇ ਹਾਂ।

## ਰਸਮੀ ਚਿੱਠੀਆਂ ਦਾ ਨਮੂਨਾ

ਪਰੀਖਿਆ ਭਵਨ
ਓ.ਅ.ੲ. ਕੇਂਦਰ
ਨਵੀਂ ਦਿੱਲੀ
25 ਜੂਨ, 2018

ਸੇਵਾ ਵਿਖੇ,
ਪੁਲਿਸ ਕਮਿਸ਼ਨਰ ਸਾਹਿਬ,
ਥਾਣਾ ਰਾਜੌਰੀ ਗਾਰਡਨ,
ਨਵੀਂ ਦਿੱਲੀ,

ਵਿਸ਼ਾ–ਮੁਹੱਲੇ ਵਿੱਚ ਫੈਲੀ ਗੁੰਡਾਗਰਦੀ ਰੋਕਣ ਲਈ।

ਸ੍ਰੀਮਾਨ ਜੀ,
ਬੇਨਤੀ ਹੈ ਕਿ ..............................................................................................
....................................................................................................................
....................................................................................................................

ਆਪ ਜੀ ਦੀ ਸ਼ੁਭਚਿੰਤਕ
ਕ.ਖ.ਗ.

## ਗ਼ੈਰ–ਰਸਮੀ ਚਿੱਠੀਆਂ ਦਾ ਨਮੂਨਾ

ਪਰੀਖਿਆ ਭਵਨ,
ਕ.ਖ.ਗ. ਕੇਂਦਰ
26 ਜੂਨ, 2018

ਸਤਿਕਾਰਯੋਗ ਪਿਤਾ ਜੀ,
ਸਤਿ ਸ੍ਰੀ ਅਕਾਲ।
....................................................................................................................
....................................................................................................................
....................................................................................................................

ਆਪ ਜੀ ਦਾ ਪਿਆਰਾ ਬੇਟਾ/ਪਿਆਰੀ ਬੇਟੀ
ਓ.ਅ.ੲ.

## ਇਸ਼ਤਿਹਾਰ :

ਕਿਸੇ ਵੀ ਚੀਜ਼ ਦਾ ਪਰਚਾਰ ਕਰਨ ਲਈ ਇਸ਼ਤਿਹਾਰਬਾਜ਼ੀ ਦਾ ਸ਼ੁਰੂ ਤੋਂ ਹੀ ਮਹੱਤਵ ਰਿਹਾ ਹੈ। ਪਹਿਲੇ ਰਾਜੇ ਮਹਾਰਾਜੇ ਧਰਮ ਦੇ ਸਿਧਾਂਤਾਂ ਨੂੰ ਸ਼ਿਲਾਲੇਖ 'ਤੇ ਉਕਰਵਾ ਕੇ ਧਰਮ ਦਾ ਪਰਚਾਰ ਕਰਦੇ ਸਨ। ਅੱਜ ਇਸ਼ਤਿਹਾਰ ਦਾ ਦਾਇਰਾ ਬਹੁਤ ਵਿਸ਼ਾਲ ਹੋ ਗਿਆ ਹੈ। ਹੁਣ ਵਪਾਰ, ਨਾਂ ਬਦਲੀ, ਵਿਆਹ ਲਈ ਵਰ/ਕੰਨਿਆ ਦੀ ਲੋੜ, ਬੇਦਖਲੀ ਨੋਟਿਸ, ਰਸਮ ਪਗੜੀ, ਅੰਤਮ ਅਰਦਾਸ, ਮਕਾਨ/ਜ਼ਮੀਨ ਖਰੀਦਣਾ/ਵੇਚਣਾ, ਨੌਕਰੀ ਬਾਰੇ, ਗੁਮਸ਼ੁਦਾ ਦੀ ਤਲਾਸ਼ ਆਦਿ ਵੱਖ-ਵੱਖ ਵਿਸ਼ਿਆਂ ਬਾਰੇ ਇਸ਼ਤਿਹਾਰਬਾਜ਼ੀ ਹੁੰਦੀ ਹੈ। ਇਹ ਇਸ਼ਤਿਹਾਰਬਾਜ਼ੀ ਭਾਵੇਂ ਟੀ.ਵੀ. ਅਤੇ ਸੋਸ਼ਲ ਮੀਡੀਆ ਤੇ ਵੀ ਕੀਤੀ ਜਾਂਦੀ ਹੈ ਪਰ ਅਖ਼ਬਾਰਾਂ ਵਿਚ ਇਸ਼ਤਿਹਾਰ ਛਪਵਾਉਣਾ ਪਰਚਾਰ ਦਾ ਸਭ ਤੋਂ ਸਸਤਾ ਅਤੇ ਵਧੀਆ ਸਾਧਨ ਹੈ। ਅਖ਼ਬਾਰਾਂ ਵਿਚ ਇਸ਼ਤਿਹਾਰ ਲਈ ਕਾਲਮ ਅਤੇ ਸ਼ਬਦਾਂ ਦੇ ਹਿਸਾਬ ਨਾਲ ਪੈਸੇ ਲਏ ਜਾਂਦੇ ਹਨ। ਇਸਨੂੰ ਇਕ ਖਾਨਾ (Box) ਬਣਾ ਕੇ, ਉਪਰ ਸਿਰਲੇਖ ਦੇ ਕੇ ਲਿਖਿਆ ਜਾਂਦਾ ਹੈ। ਵਿਦਿਆਰਥੀ ਇਸਨੂੰ ਹੋਰ ਪ੍ਰਭਾਵਸ਼ਾਲੀ ਬਣਾਉਣ ਲਈ ਇਸ ਨਾਲ ਸੰਬੰਧਤ ਤਸਵੀਰ ਵੀ ਬਣਾ ਸਕਦੇ ਹਨ।

### ਇਸ਼ਤਿਹਾਰਾਂ ਦੇ ਕੁਝ ਨਮੂਨੇ

**ਮਕਾਨ ਵਿਕਾਊ ਹੈ**

ਬਿਲਕੁਲ ਨਵਾਂ ਬਣਿਆ ਮਕਾਨ, ਖੇਤਰਫਲ 150 ਗਜ਼, ਚਾਰ ਕਮਰੇ, ਰਸੋਈ, ਗੁਸਲਖ਼ਾਨਾ, ਸਟੋਰ। ਮਕਾਨ ਖੁੱਲ੍ਹਾ ਅਤੇ ਹਵਾਦਾਰ ਹੈ। ਆਧੁਨਿਕ ਸਾਜ਼ੋ ਸਮਾਨ ਨਾਲ ਤਿਆਰ ਇਹ ਮਕਾਨ ਸੰਤਪੁਰੇ ਇਲਾਕੇ ਵਿਚ ਹੈ।

ਚਾਹਵਾਨ ਸੱਜਣ ਹੇਠ ਲਿਖੇ ਪਤੇ 'ਤੇ ਸੰਪਰਕ ਕਰਨ :

ਵਿਨੋਦ ਪ੍ਰਾਪਰਟੀ ਡੀਲਰਜ਼
ਪੁਰਾਣੀ ਮਾਰਕੀਟ, ਤਿਲਕ ਨਗਰ,
ਨਵੀਂ ਦਿੱਲੀ-110018
ਮੋਬਾਇਲ ਨੰਬਰ-9810257461

**ਤੁਰੰਤ ਲੋੜ ਹੈ**

ਤਨਵੀਰ ਕੰਪਨੀ ਨੂੰ ਕੰਪਿਊਟਰ 'ਤੇ ਕੰਮ ਕਰਨ ਵਾਲੇ ਮੁੰਡੇ/ਕੁੜੀਆਂ ਦੀ ਤੁਰੰਤ ਲੋੜ ਹੈ। ਯੋਗਤਾ-ਬਾਰ੍ਹਵੀਂ ਪਾਸ ਅਤੇ ਕੰਪਿਊਟਰ ਦਾ ਗਿਆਨ ਜ਼ਰੂਰੀ ਹੈ। ਤਨਖਾਹ-12000 ਤੋਂ 15000 ਰੁਪਏ ਪ੍ਰਤੀ ਮਹੀਨਾ। ਲੋੜਵੰਦ ਵਿਅਕਤੀ ਹੇਠ ਲਿਖੇ ਮੋਬਾਇਲ ਨੰਬਰ 'ਤੇ ਸੰਪਰਕ ਕਰਨ।

**ਸ. ਤੀਰਥ ਸਿੰਘ**
ਮੋਬਾਇਲ ਨੰ.: 09546102713

**ਬੇਦਖ਼ਲੀ ਨੋਟਿਸ**

ਮੈਂ ਲੱਭੂ ਰਾਮ ਸਪੁੱਤਰ ਸ੍ਰੀ ਸਰਵਣ ਕੁਮਾਰ ਜਨ ਸਧਾਰਨ ਨੂੰ ਸੂਚਿਤ ਕਰਦਾ ਹੈ ਕਿ ਮੇਰਾ ਪੁੱਤਰ ਮਹੇਸ਼ ਕੁਮਾਰ ਮੇਰੇ ਕਹਿਣੇ ਤੋਂ ਬਾਹਰ ਹੈ। ਇਸਲਈ ਮੇਰਾ ਉਸ ਨਾਲ ਕੋਈ ਸੰਬੰਧ ਨਹੀਂ। ਮੈਂ ਉਸ ਨੂੰ ਆਪਣੀ ਸਾਰੀ ਜਾਇਦਾਦ ਤੋਂ ਬੇਦਖ਼ਲ ਕਰਦਾ ਹਾਂ। ਉਸ ਨਾਲ ਸੰਬੰਧ ਰੱਖਣ ਵਾਲਾ ਵਿਅਕਤੀ ਆਪਣੇ ਨੁਕਸਾਨ ਦਾ ਆਪ ਜ਼ਿੰਮੇਵਾਰ ਹੋਵੇਗਾ।

**ਸ੍ਰੀ ਲੱਭੂ ਰਾਮ**

ਬਲਦੇਵ ਨਗਰ, ਦਿੱਲੀ

## ਤਸਵੀਰ ਜਾਂ ਚਿਤਰ ਦੇ ਅਧਾਰ ’ਤੇ ਵਰਨਣ –

ਸੈਕੰਡਰੀ ਜਮਾਤਾਂ ਵਿਚ ਤਸਵੀਰ ਦੇ ਅਧਾਰ ’ਤੇ ਵਰਨਣ ਕਰਨ ਦਾ ਪ੍ਰਸ਼ਨ ਵੀ ਆਉਂਦਾ ਹੈ। ਪ੍ਰਸ਼ਨ-ਪੱਤਰ ਵਿਚ ਇਕ ਤਸਵੀਰ ਦਿੱਤੀ ਹੁੰਦੀ ਹੈ। ਜਿਸ ਨੂੰ ਵੇਖ ਕੇ ਵਿਦਿਆਰਥੀਆਂ ਨੇ ਦੱਸਣਾ ਹੁੰਦਾ ਹੈ ਕਿ ਇਸ ਤਸਵੀਰ ਵਿਚ ਉਹ ਕੀ ਵੇਖ ਰਹੇ ਹਨ। ਤਸਵੀਰ ਦਾ ਵਰਨਣ ਕਰਦੇ ਸਮੇਂ ਵਿਦਿਆਰਥੀ ਆਪਣੀ ਕਲਪਨਾ ਸ਼ਕਤੀ ਦਾ ਪ੍ਰਯੋਗ ਕਰਦੇ ਹਨ ਅਤੇ ਜੋ ਤਸਵੀਰ ਵਿਚ ਦਰਸਾਇਆ ਗਿਆ ਹੈ, ਉਸਦਾ ਵਰਨਣ ਕਰਦੇ ਹਨ। ਚਿੱਤਰ ਨੂੰ ਬਹੁਤ ਬਰੀਕੀ ਨਾਲ ਵੇਖਣ ਦੀ ਲੋੜ ਹੁੰਦੀ ਹੈ ਅਤੇ ਉਸ ਵਿਚ ਦ੍ਰਿਸ਼ਮਾਨ ਹਰ ਜ਼ਰੂਰੀ ਚੀਜ਼ ਵੱਲ ਧਿਆਨ ਦੇਣਾ ਹੁੰਦਾ ਹੈ। ਵਿਦਿਆਰਥੀ ਆਪਣੇ ਪੂਰਵ ਗਿਆਨ ਦੇ ਅਧਾਰ ’ਤੇ ਵੀ ਉਸ ਚਿਤਰ ਨਾਲ ਸੰਬੰਧਤ ਕੁਝ ਗੱਲਾਂ ਲਿਖ ਸਕਦਾ ਹੈ।

ਹੇਠਾਂ ਇਕ ਚਿੱਤਰ ਦੇ ਮਾਧਿਅਮ ਦੇ ਰਾਹੀਂ ਇਸ ਪ੍ਰਸ਼ਨ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ–



ਉਪਰੋਕਤ ਚਿੱਤਰ ਪ੍ਰਦੂਸ਼ਣ ਨਾਲ ਸੰਬੰਧਤ ਹੈ–

ਇਸ ਵਿਚ ਜਲ ਪ੍ਰਦੂਸ਼ਣ, ਹਵਾ ਪ੍ਰਦੂਸ਼ਣ, ਭੂਮੀ ਪ੍ਰਦੂਸ਼ਣ ਅਤੇ ਧੁਨੀ ਪ੍ਰਦੂਸ਼ਣ ਭਾਵ ਸਭ ਤਰ੍ਹਾਂ ਦੇ ਪ੍ਰਦੂਸ਼ਣ ਤੋਂ ਸੁਚੇਤ ਕੀਤਾ ਗਿਆ ਹੈ।

ਇਸ ਵਿਚ ਫੈਕਟਰੀਆਂ ਵਿਚੋਂ ਨਿਕਲਦਾ ਧੂੰਆਂ ਅਤੇ ਵਾਹਨਾਂ ਵਿਚੋਂ ਨਿਕਲਦੇ ਧੂੰਏਂ ਨਾਲ ਹਵਾ ਨੂੰ ਗੰਦਾ ਹੋਣ ਦਾ ਮਾਰੂ ਅਸਰ ਵਿਖਾਇਆ ਗਿਆ ਹੈ।

ਹਵਾਈ ਜਹਾਜ਼, ਬੱਸਾਂ, ਕਾਰਾਂ ਅਤੇ ਵਾਹਨਾਂ ਦੀਆਂ ਅਵਾਜ਼ਾਂ ਧੁਨੀ ਪ੍ਰਦੂਸ਼ਣ ਵੀ ਪੈਦਾ ਕਰਦੀਆਂ ਹਨ।

ਘਰਾਂ ਅਤੇ ਕਾਰਖਾਨਿਆਂ ਵਿਚੋਂ ਨਿਕਲਦੇ ਗੰਦ ਕਾਰਨ ਭੂਮੀ ਵੀ ਪ੍ਰਦੂਸ਼ਿਤ ਹੋ ਰਹੀ ਹੈ।

ਪਾਣੀ ਵਿਚ ਕੂੜਾ ਅਤੇ ਕਾਰਖਾਨਿਆਂ ਦੇ ਗੰਦੇ ਰਸਾਇਣਕ ਪਦਾਰਥ ਅਤੇ ਗੰਦਾ ਪਾਣੀ ਜਾਣ ਨਾਲ ਜਲ ਪ੍ਰਦੂਸ਼ਣ ਹੋ ਰਿਹਾ ਹੈ। ਇਸ ਦਾ ਰੰਗ ਬਿਲਕੁਲ ਕਾਲਾ ਹੋ ਰਿਹਾ ਹੈ, ਜੋ ਇਸ ਵਿਚ ਨਹਾਉਣ ਵਾਲੇ ਜਾਨਵਰਾਂ ਅਤੇ ਇਸ ਦਾ ਪ੍ਰਯੋਗ ਕਰਨ ਵਾਲੇ ਇਨਸਾਨਾਂ ਲਈ ਵੀ ਘਾਤਕ ਹੈ।

ਸੜਕ ਉੱਤੇ ਪਏ ਕੂੜੇ ਦੇ ਢੇਰ, ਪ੍ਰਦੂਸ਼ਤ ਪਾਣੀ, ਗੰਦੀ ਹਵਾ ਅਤੇ ਵਾਹਨਾਂ ਦਾ ਸ਼ੋਰ ਮਨੁੱਖ ਨੂੰ ਬਰਬਾਦੀ ਵੱਲ ਲਿਜਾ ਰਹੇ ਹਨ। ਧੂੰਏਂ ਦੇ ਨਾਲ ਰੁੱਖ ਵੀ ਖਰਾਬ ਹੋ ਰਹੇ ਹਨ ਅਤੇ ਉਹ ਸਾਡੇ ਲਈ ਸ਼ੁੱਧ ਹਵਾ ਪੈਦਾ ਨਹੀਂ ਕਰ ਸਕਦੇ। ਰੁੱਖਾਂ ਦਾ ਕੱਟੇ ਜਾਣਾ ਅਤੇ ਨਵੇਂ ਰੁੱਖ ਨਾ ਲਾਉਣਾ ਵੀ ਪ੍ਰਦੂਸ਼ਣ ਨੂੰ ਵਧਾਉਣ ਦੇ ਕਾਰਨ ਹਨ। ਇਸ ਲਈ ਵਾਤਾਵਰਨ ਨੂੰ ਸ਼ੁੱਧ ਰੱਖਣ ਲਈ ਸਾਨੂੰ ਸੁਚੇਤ ਹੋਣਾ ਚਾਹੀਦਾ ਹੈ।

ਇਸ ਤਰ੍ਹਾਂ ਅਸੀਂ ਕਹਿ ਸਕਦੇ ਹਾਂ ਕਿ ਵਿਦਿਆਰਥੀ ਅਧਿਆਪਕ ਦੀ ਸਹਾਇਤਾ ਨਾਲ ਕੁਝ ਨੁਕਤਿਆਂ ’ਤੇ ਗੌਰ ਕਰਕੇ ਅਤੇ ਉਹਨਾਂ ਦਾ ਪ੍ਰਯੋਗ ਕਰਕੇ ਲਿਖਣ ਕੌਸ਼ਲ ਵਿਚ ਮੁਹਾਰਤ ਹਾਸਲ ਕਰ ਸਕਦੇ ਹਨ ਅਤੇ ਆਪਣੀ ਲਿਖਤ ਨੂੰ ਪ੍ਰਭਾਵਸ਼ਾਲੀ ਬਣਾ ਸਕਦੇ ਹਨ।

# ਕਵਿਤਾ ਦੀ ਅਧਿਆਪਨ ਵਿਧੀ

**ਬਲਵਿੰਦਰ ਕੌਰ ਖੁਰਾਣਾ**

ਮਿਡਲ ਅਤੇ ਸੈਕੰਡਰੀ ਪੱਧਰ ਉੱਤੇ ਪੜ੍ਹਾਏ ਜਾ ਰਹੇ ਸਾਹਿਤ ਰੂਪਾਂ ਵਿਚੋਂ ਕਵਿਤਾ ਦੀ ਆਪਣੀ ਵਿਸ਼ੇਸ਼ ਥਾਂ ਹੈ। ਭਾਸ਼ਾ ਦੀ ਹਰ ਪਾਠ-ਪੁਸਤਕ ਵਿਚ ਕੁਝ ਕਵਿਤਾਵਾਂ ਲਈਆਂ ਜਾਂਦੀਆਂ ਹਨ। ਵਿਦਿਆਰਥੀ ਵੀ ਇਸ ਦਾ ਅਨੰਦ ਮਾਣਦੇ ਹਨ।

ਕਵਿਤਾ ਕੀ ਹੈ ? ਇਸ ਬਾਰੇ ਵੱਖ-ਵੱਖ ਵਿਦਵਾਨਾਂ ਦੇ ਵੱਖ-ਵੱਖ ਵਿਚਾਰ ਹਨ। ਸੰਖੇਪ ਵਿਚ ਕਹੀਏ ਤਾਂ ਆਪਣੇ ਵਿਚਾਰਾਂ ਜਾਂ ਮਨੋ-ਭਾਵਾਂ ਨੂੰ ਛੰਦ-ਬੱਧ, ਲੈਅ-ਬੱਧ ਜਾਂ ਸੰਗੀਤਕ ਤਰੀਕੇ ਨਾਲ ਕਲਪਨਾ ਸ਼ਕਤੀ ਦੀ ਉਡਾਣ ਭਰਦੇ ਹੋਏ ਖ਼ੂਬਸੂਰਤ ਸ਼ਬਦਾਂ ਰਾਹੀਂ ਪੇਸ਼ ਕਰਨਾ ਹੀ ਕਵਿਤਾ ਹੈ। ਇਸ ਵਿਚ ਮਨੋ-ਭਾਵਾਂ ਦੀ ਪ੍ਰਧਾਨਤਾ, ਸੰਗੀਤ ਲੈਅ, ਰਸ ਭਰਪੂਰਤਾ ਅਤੇ ਕਲਪਨਾ ਸ਼ਕਤੀ ਦਾ ਸੁਮੇਲ ਹੁੰਦਾ ਹੈ।

ਮਾਧਮਿਕ ਅਤੇ ਸੈਕੰਡਰੀ ਜਮਾਤਾਂ ਵਿਚ ਕਵਿਤਾ ਅਧਿਆਪਨ ਕਾਰਜ ਅਜਿਹੀ ਯੋਗਤਾ ਦੀ ਮੰਗ ਕਰਦਾ ਹੈ ਜੋ ਅਧਿਆਪਨ ਨੂੰ ਰੌਚਕ ਬਣਾਉਣ, ਸਾਰਥਕਤਾ ਪ੍ਰਦਾਨ ਕਰਨ, ਸਮਾਜਕ, ਰਾਜਨੀਤਕ ਅਤੇ ਸਭਿਆਚਾਰਕ ਪ੍ਰਸੰਗ ਨਾਲ ਜੋੜ ਕੇ ਆਪਣਾ ਉਦੇਸ਼ ਪੂਰਾ ਕਰਨ ਵਿਚ ਸਮਰਥ ਹੋਵੇ। ਅਧਿਐਨ ਅਤੇ ਅਧਿਆਪਨ ਦੋ ਬਿਲਕੁਲ ਵੱਖਰੀ ਕਿਸਮ ਦੀਆਂ ਕਿਰਿਆਵਾਂ ਹਨ। ਇਕ ਨਿੱਜੀ ਹੈ ਅਤੇ ਦੂਜੀ ਸਾਰਵਜਨਿਕ। ਕੋਈ ਵੀ ਵਿਅਕਤੀ ਆਪਣੀ ਮਾਨਸਿਕ, ਬੌਧਕ ਅਤੇ ਸਰੀਰਕ ਸਮਰੱਥਾ ਅਨੁਸਾਰ ਕਵਿਤਾ ਦਾ ਅਧਿਐਨ ਕਰ ਸਕਦਾ ਹੈ ਪਰ ਅਧਿਆਪਨ ਦਾ ਸੰਬੰਧ ਪ੍ਰਸਤੁਤੀਕਰਨ ਨਾਲ ਹੈ। ਵੱਖ-ਵੱਖ ਵਿਸ਼ਿਆਂ ਦੇ ਅਧਿਆਪਕਾਂ ਲਈ ਅਧਿਆਪਨ ਯੋਗਤਾ ਬਹੁਤ ਜ਼ਰੂਰੀ ਹੈ। ਕਵਿਤਾ ਦਾ ਸੰਬੰਧ ਮਨੁੱਖੀ ਮਨ ਦੇ ਡੂੰਘੇ ਧਰਾਤਲਾਂ ਵਿਚ ਮੌਜੂਦ ਹੁੰਦਾ ਹੈ। ਕਵਿਤਾ ਸਮਾਜ ਦਾ ਦਰਪਣ ਵੀ ਹੁੰਦੀ ਹੈ ਅਤੇ ਕਾਵਿਕ ਸੰਵੇਦਨਾ ਨਾਲ ਜੁੜੀ ਹੋਈ ਵੀ, ਇਸ ਲਈ ਕਵਿਤਾ-ਅਧਿਆਪਨ ਇਕ ਮੁਸ਼ਕਲ ਕਾਰਜ ਹੈ।

ਕਾਵਿ-ਅਧਿਆਪਨ ਇਕ ਅਜਿਹੀ ਪ੍ਰਕਿਰਿਆ ਹੈ ਜੋ ਵੱਖ-ਵੱਖ ਵਿਸ਼ਿਆਂ ਵਿਚ ਵੱਖ-ਵੱਖ ਪੱਧਰਾਂ ਤੇ ਵੱਖ-ਵੱਖ ਤਰ੍ਹਾਂ ਦੀ ਯੋਗਤਾ ਦੀ ਮੰਗ ਕਰਦੀ ਹੈ। ਕਾਵਿ-ਅਧਿਆਪਨ ਕਿਵੇਂ ਕੀਤਾ ਜਾਵੇ, ਇਸ ਬਾਰੇ ਕੋਈ ਮਿਆਰ ਨਿਸ਼ਚਿਤ ਨਹੀਂ ਕੀਤੇ ਜਾ ਸਕਦੇ। ਵੱਖ-ਵੱਖ ਮਾਨਸਕ ਅਤੇ ਬੌਧਕ ਪੱਧਰ ਦੇ ਵਿਦਿਆਰਥੀਆਂ ਨੂੰ ਵੱਖ-ਵੱਖ ਭਾਸ਼ਾ ਜੁਗਤਾਂ ਵਰਤ ਕੇ ਕਾਵਿ-ਅਧਿਆਪਨ ਦੇ ਕੰਮ ਨੂੰ ਸਿਰੇ ਚਾੜ੍ਹਿਆ ਜਾ ਸਕਦਾ ਹੈ। ਅਸੀਂ ਕਿਸੇ ਵੀ ਤਰੀਕੇ ਨਾਲ ਕਵਿਤਾ ਨੂੰ ਕਰਵਾ ਸਕਦੇ ਹਾਂ। ਕਵਿਤਾ ਅਨੁਭਵ ਦਾ ਵਿਸ਼ਾ ਹੈ। ਅਨੁਭਵ ਕਵੀ ਦਾ ਵੀ ਹੁੰਦਾ ਹੈ ਅਤੇ ਅਧਿਆਪਕ ਦਾ ਵੀ। ਅਧਿਆਪਕ ਆਪ ਕਵੀ ਦੇ ਅਨੁਭਵ ਨੂੰ ਮਹਿਸੂਸ ਕਰਕੇ

ਵਿਦਿਆਰਥੀਆਂ ਤੱਕ ਪਹੁੰਚਾਉਣ ਦੇ ਯੋਗ ਹੋਵੇ। ਕਵਿਤਾ ਅਤੇ ਵਿਦਿਆਰਥੀ ਦੇ ਵਿਚਕਾਰ ਅਧਿਆਪਕ ਇਕ ਪੁਲ ਹੁੰਦਾ ਹੈ, ਉਹ ਕਵਿਤਾ ਦੀ ਆਤਮਾ ਦੇ ਵਿਦਿਆਰਥੀਆਂ ਨੂੰ ਦਰਸ਼ਨ ਕਰਵਾਉਂਦਾ ਹੈ। ਕਵੀ ਦੇ ਭਾਵਾਂ ਨੂੰ ਵਿਦਿਆਰਥੀਆਂ ਤੱਕ ਸੰਚਾਰਤ ਕਰਦਾ ਹੈ।

ਪ੍ਰਭਾਵਸ਼ਾਲੀ ਕਾਵਿ-ਅਧਿਆਪਨ ਲਈ ਸਭ ਤੋਂ ਜ਼ਰੂਰੀ ਹੈ—ਜਮਾਤ ਵਿਚ ਕਾਵਿਕ ਵਾਤਾਵਰਨ ਪੈਦਾ ਕਰਨਾ। ਕਵਿਤਾ ਦਾ ਰਸ ਸ਼ਾਂਤ ਅਤੇ ਅਨੁਕੂਲ ਵਾਤਾਵਰਨ ਵਿਚ ਹੀ ਮਾਣਿਆ ਜਾ ਸਕਦਾ ਹੈ। ਕਵਿਤਾ ਨੂੰ ਸਿਰਫ ਪੜ੍ਹਨਾ ਹੀ ਨਹੀਂ ਹੁੰਦਾ। ਉਸ ਦਾ ਅਨੰਦ ਵੀ ਮਾਣਨਾ ਹੁੰਦਾ ਹੈ। ਉਸ ਦੀ ਆਤਮਾ ਤੱਕ ਵੀ ਪਹੁੰਚਣਾ ਹੁੰਦਾ ਹੈ, ਇਸ ਲਈ ਆਸ-ਪਾਸ ਦਾ ਮਾਹੌਲ ਕਵਿਤਾ ਦੇ ਅਨੁਕੂਲ ਹੋਣਾ ਚਾਹੀਦਾ ਹੈ।

ਸੈਕੰਡਰੀ ਅਤੇ ਮਾਧਮਿਕ ਜਮਾਤਾਂ ਵਿਚ ਕਵਿਤਾ ਨੂੰ ਪ੍ਰਭਾਵਸ਼ਾਲੀ ਤਰੀਕੇ ਨਾਲ ਕਰਵਾਉਣ ਲਈ ਜ਼ਰੂਰੀ ਹੈ ਕਿ ਉਸਨੂੰ ਲੈਅ-ਬੱਧ ਅਤੇ ਸੰਗੀਤਕ ਤਰੀਕੇ ਨਾਲ ਕਰਵਾਇਆ ਜਾਵੇ। ਛੋਟੇ ਬੱਚੇ ਲੈਅ-ਬੱਧ ਅਤੇ ਗਾ ਕੇ ਕੀਤੀ ਗਈ ਕਵਿਤਾ ਦਾ ਵਧੇਰੇ ਅਨੰਦ ਮਾਣਦੇ ਹਨ ਅਤੇ ਕਵਿਤਾ ਅਚੇਤਨ ਹੀ ਉਹਨਾਂ ਦੇ ਦਿਲੋ-ਦਿਮਾਗ ਉੱਤੇ ਛਾ ਜਾਂਦੀ ਹੈ। ਜੇ ਅਧਿਆਪਕ ਲੈਅ-ਤਾਲ ਨਾਲ ਕਵਿਤਾ ਕਰਵਾਏਗਾ ਤਾਂ ਵਿਦਿਆਰਥੀ ਵੀ ਉਸਦਾ ਅਨੁਸਰਨ ਕਰਨਗੇ। ਵਿਦਿਆਰਥੀ ਕਵਿਤਾ ਅਤੇ ਵਾਰਤਕ ਵਿਚਲੇ ਫਰਕ ਨੂੰ ਆਪਣੇ ਆਪ ਹੀ ਗ੍ਰਹਿਣ ਕਰ ਲੈਣਗੇ। ਇਸਤਰ੍ਹਾਂ ਕਰਨ ਨਾਲ ਵਿਦਿਆਰਥੀ ਕਵਿਤਾ ਨੂੰ ਰੌਚਕਤਾ ਨਾਲ ਪੜ੍ਹਨਗੇ ਅਤੇ ਕਾਵਿ-ਪਾਠ ਪ੍ਰਭਾਵਸ਼ਾਲੀ ਬਣੇਗਾ।

ਕਵਿਤਾ ਨੂੰ ਕਰਨ ਲੱਗਿਆਂ ਉਸ ਵਿਚ ਸ਼ਬਦਾਂ ਦੇ ਉਤਰਾਅ-ਚੜ੍ਹਾਅ ਦਾ ਪੂਰਾ ਗਿਆਨ ਰੱਖਿਆ ਜਾਵੇ। ਅਧਿਆਪਕ ਨੂੰ ਪਤਾ ਹੋਣਾ ਚਾਹੀਦਾ ਹੈ ਕਿ ਕਾਵਿ-ਅਧਿਆਪਨ ਵਿਚ ਉਤਰਾਅ-ਚੜ੍ਹਾਅ ਦਾ ਬਹੁਤ ਮਹੱਤਵ ਹੈ। ਜਿੱਥੇ ਜੋਸ਼ ਦੀ ਭਾਵਨਾ ਹੈ, ਉੱਥੇ ਅਵਾਜ਼ ਉੱਚੀ ਅਤੇ ਜਿੱਥੇ ਦੁੱਖ ਦੇ ਭਾਵ ਹਨ, ਉੱਥੇ ਅਵਾਜ਼ ਮੱਧਮ ਹੋਣੀ ਚਾਹੀਦੀ ਹੈ। ਬੋਲਣ ਦਾ ਢੰਗ ਇਸਤਰ੍ਹਾਂ ਦਾ ਹੋਣਾ ਚਾਹੀਦਾ ਹੈ ਕਿ ਅਵਾਜ਼ ਸ਼ੁੱਧ ਅਤੇ ਸਪਸ਼ਟ ਹੋਵੇ। ਉਚਾਰਨ ਠੀਕ ਅਤੇ ਸਪਸ਼ਟ ਹੋਵੇ। ਕਵਿਤਾ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਜ਼ਰੂਰੀ ਹੈ ਕਿ ਕਵਿਤਾ ਦਾ ਉਤਰਾਅ-ਚੜ੍ਹਾਅ ਉਚਾਰਨ ਦੀ ਸ਼ੁੱਧਤਾ, ਅਵਾਜ਼ ਦੀ ਸਪਸ਼ਟਤਾ ਆਦਿ ਗੁਣ ਅਧਿਆਪਕ ਨੂੰ ਆਪਣੇ ਵਿਚ ਪੈਦਾ ਕਰਨੇ ਚਾਹੀਦੇ ਹਨ, ਤਾਂ ਹੀ ਵਿਦਿਆਰਥੀ ਕਵਿਤਾ ਦਾ ਅਨੰਦ ਮਾਣਦੇ ਹੋਏ ਉਸਦੇ ਅਰਥਾਂ ਨੂੰ ਗ੍ਰਹਿਣ ਕਰ ਸਕਦੇ ਹਨ। ਕਵੀ-ਦਰਬਾਰਾਂ ਵਿਚ ਉਹੋ ਕਵੀ ਹੀ ਵਾਹ-ਵਾਹ ਖੱਟਦੇ ਹਨ, ਜੋ ਇਹਨਾਂ ਗੁਣਾਂ ਦੇ ਧਾਰਨੀ ਹੁੰਦੇ ਹਨ। ਕਈ ਵਾਰ ਬਹੁਤ ਵਧੀਆ ਕਵਿਤਾ ਵੀ ਆਪਣਾ ਪ੍ਰਭਾਵ ਨਹੀਂ ਛੱਡ ਸਕਦੀ ਕਿਉਂਕਿ ਬੁਲਾਰਾ ਉਤਰਾਅ-ਚੜ੍ਹਾਅ ਉਚਾਰਨ ਆਦਿ ਗੁਣਾਂ ਦਾ ਧਿਆਨ ਨਹੀਂ ਰੱਖਦਾ।

ਅਸੀਂ ਕਵਿਤਾ ਨੂੰ ਰੌਚਿਕ ਬਣਾਉਣ ਲਈ ਵਿਦਿਆਰਥੀਆਂ ਨੂੰ ਕਵਿਤਾ ਯਾਦ ਕਰਨ ਲਈ ਦੇ ਸਕਦੇ ਹਾਂ। ਇਸਨੂੰ ਇਕ ਗਤੀਵਿਧੀ ਦੇ ਰੂਪ ਵਿਚ ਵੀ ਰੱਖਿਆ ਜਾ ਸਕਦਾ ਹੈ ਅਤੇ ਜਮਾਤ ਵਿਚ ਕਵਿਤਾ ਪਾਠ ਪ੍ਰਤੀਯੋਗਤਾ ਵੀ ਕਰਵਾਈ ਜਾ ਸਕਦੀ ਹੈ। ਰੌਚਕਤਾ ਅਤੇ ਪ੍ਰਭਾਵਸ਼ਾਲੀ ਪ੍ਰਸਤੁਤੀਕਰਨ ਦੇ ਅਧਾਰ 'ਤੇ ਤੁਸੀਂ ਕੁਝ ਪੁਰਸਕਾਰ ਵੀ ਦੇ ਸਕਦੇ ਹੋ। ਬੱਚਿਆਂ ਵਿਚ ਕਵਿਤਾ ਪ੍ਰਤੀ ਰੁਝਾਨ ਪੈਦਾ ਕਰਕੇ ਉਹਨਾਂ ਨੂੰ ਖੁਦ ਕਾਵਿ-ਰਚਨਾ ਲਿਖਣ ਲਈ ਉਤਸਾਹਿਤ ਕਰ ਸਕਦੇ ਹਾਂ। ਇਸਤਰ੍ਹਾਂ ਕਰਨ ਨਾਲ ਇਕ ਤਾਂ ਬੱਚਿਆਂ ਵਿਚ ਕਾਵਿ-ਰਚਨਾ ਦੀ ਰੁਚੀ ਪੈਦਾ ਹੁੰਦੀ ਹੈ ਤੇ ਦੂਸਰਾ ਸਕੂਲ ਮੈਗਜ਼ੀਨ ਲਈ ਪੰਜਾਬੀ ਕਵਿਤਾ ਸਮਗਰੀ ਇਕੱਠੀ ਹੋ ਜਾਂਦੀ ਹੈ।

ਕਵਿਤਾ ਦਾ ਮੌਨ-ਪਠਨ ਪਾਠਕ ਵਿਚ ਅਰਥਾਂ ਨੂੰ ਗ੍ਰਹਿਣ ਕਰਨ ਦੀ ਚੇਤੰਨਤਾ ਪੈਦਾ ਕਰਦਾ ਹੈ। ਉਹਨਾਂ

ਵਿਚ ਕਵਿਤਾ ਨੂੰ ਸਮਝਣ ਦੀ ਸੂਝ ਵਿਕਸਤ ਹੁੰਦੀ ਹੈ ਅਤੇ ਸੂਖ਼ਮ ਵਿਸ਼ਿਆਂ ਪ੍ਰਤੀ ਉਸਦੇ ਸਮਝਣ ਕੌਸ਼ਲ ਵਿਚ ਵਾਧਾ ਹੁੰਦਾ ਹੈ।

ਅਧਿਆਪਕ ਦੁਆਰਾ ਕਵਿਤਾ-ਪਾਠ ਪਿੱਛੋਂ ਕਵਿਤਾ ਦੇ ਅਨੁਭਵ ਨੂੰ ਸਮਝਾ ਕੇ ਉਸਦੇ ਕੇਂਦਰੀ ਭਾਵ ਤੱਕ ਪਹੁੰਚਾਉਣਾ ਵੀ ਕਵਿਤਾ-ਅਧਿਆਪਨ ਦਾ ਉਦੇਸ਼ ਹੁੰਦਾ ਹੈ। ਅਧਿਆਪਕ ਜਦੋਂ ਕਵਿਤਾ ਪੜ੍ਹ ਰਿਹਾ ਹੁੰਦਾ ਹੈ ਤਾਂ ਉਹ ਕਵਿਤਾ ਦੀ ਪੁਨਰ-ਸਿਰਜਣਾ ਕਰ ਰਿਹਾ ਹੁੰਦਾ ਹੈ। ਵੈਸੇ ਵੀ ਇਕ ਕਵਿਤਾ ਕਈ ਅਰਥ ਸਿਰਜਦੀ ਹੈ। ਅਧਿਆਪਕ ਦੀ ਜ਼ਿੰਮੇਵਾਰੀ ਹੁੰਦੀ ਹੈ ਕਿ ਉਹ ਕਵੀ ਅਤੇ ਵਿਦਿਆਰਥੀਆਂ ਦੇ ਮਾਨਸਿਕ, ਬੌਧਿਕ ਪੱਧਰ ਦੇ ਅੰਤਰ ਨੂੰ ਸਮਝ ਕੇ ਕਾਵਿ-ਅਧਿਆਪਨ ਦਾ ਕਾਰਜ ਕਰੇ ਤਾਂ ਕਾਵਿ-ਅਧਿਆਪਨ ਦੀ ਸਾਰਥਕਤਾ ਵੱਧ ਜਾਂਦੀ ਹੈ। ਕਵਿਤਾ ਦੇ ਸ਼ਾਬਦਿਕ ਅਰਥਾਂ ਅਤੇ ਅੰਤਰੀਵ ਅਰਥਾਂ ਵਿਚਲਾ ਅੰਤਰ ਵਿਦਿਆਰਥੀਆਂ ਤੱਕ ਪਹੁੰਚਣਾ ਚਾਹੀਦਾ ਹੈ। ਕਵਿਤਾ ਸੂਖ਼ਮ ਮਨੋਭਾਵਾਂ ਦਾ ਪ੍ਰਸਤੁਤੀਕਰਨ ਹੁੰਦੀ ਹੈ ਅਤੇ ਉਸ ਦਾ ਮਿਆਰ ਆਮ ਬੋਲ ਚਾਲ ਦੀ ਭਾਸ਼ਾ ਤੋਂ ਅਲੱਗ ਹੁੰਦਾ ਹੈ। ਇਕ ਯੋਗ ਅਧਿਆਪਕ ਕਵਿਤਾ ਦੇ ਸੂਖਮ ਤੋਂ ਸੂਖਮ ਅਰਥਾਂ ਨੂੰ ਵੀ ਆਮ ਬੋਲ ਚਾਲ ਦੀ ਭਾਸ਼ਾ ਵਿਚ ਵਿਦਿਆਰਥੀਆਂ ਤੱਕ ਪਹੁੰਚਾਉਂਦਾ ਹੈ। ਵਿਦਿਆਰਥੀਆਂ ਦੇ ਪੂਰਵ ਗਿਆਨ ਨੂੰ ਨਵੇਂ ਗਿਆਨ ਨਾਲ ਜੋੜ ਕੇ ਦਰਸਾਉਣ ਦੀ ਕਿਰਿਆ ਵਿਦਿਆਰਥੀਆਂ ਦੀ ਕਵਿਤਾ ਸੂਝ ਹੋਰ ਦ੍ਰਿੜ੍ਹ ਕਰਦੀ ਹੈ।

ਇਸਤਰ੍ਹਾਂ ਅਧਿਆਪਕ ਆਪਣੇ ਕਲਾ-ਕੌਸ਼ਲ ਅਤੇ ਸਹੀ-ਜੁਗਤਾਂ ਨਾਲ ਕਾਵਿ-ਕਿਰਤ ਦਾ ਰੂਪਕ ਅਤੇ ਤਕਨੀਕੀ ਪੱਖ ਵਿਦਿਆਰਥੀਆਂ ਤੱਕ ਸੰਚਾਰਿਤ ਕਰਦਾ ਹੈ।

ਹੇਠਾਂ ਮਿਡਲ ਅਤੇ ਸੈਕੰਡਰੀ ਜਮਾਤਾਂ ਦੀਆਂ ਪਾਠ-ਪੁਸਤਕਾਂ ਵਿਚ ਸ਼ਾਮਲ ਕੁਝ ਕਵਿਤਾਵਾਂ ਰਾਹੀਂ ਕਵਿਤਾ-ਅਧਿਆਪਨ ਕੌਸ਼ਲ ਨੂੰ ਸਮਝਣ ਦਾ ਯਤਨ ਕਰਦੇ ਹਾਂ।

ਛੇਵੀਂ ਜਮਾਤ ਦੀ ਪਾਠ-ਪੁਸਤਕ ਵਿਚ ਦਰਜ ਜਗਦੀਸ਼ ਕੌਸ਼ਲ ਦੀ ਕਵਿਤਾ 'ਵੀਰ ਦਾ ਵਿਆਹ' ਦੀ ਉਦਾਹਰਨ ਵੇਖੋ :-

ਜੰਞ ਚੜ੍ਹੀ ਮੇਰੇ ਵੀਰੇ ਦੀ
ਹੀਰੇ ਵਰਗੇ ਵੀਰੇ ਦੀ।
ਰੌਣਕ ਸਿਹਰੇ, ਚੀਰੇ ਦੀ,
ਕੰਙਣ ਅਤੇ ਕਲੀਰੇ ਦੀ।
... ...
... ...

ਇਸ ਕਵਿਤਾ ਦਾ ਪੂਰੇ ਲੈਅ-ਬੱਧ ਤਰੀਕੇ ਨਾਲ ਗਾਇਨ ਕੀਤਾ ਜਾ ਸਕਦਾ ਹੈ। ਇਹ ਪੰਜਾਬੀ ਸਭਿਆਚਾਰ ਨਾਲ ਸੰਬੰਧਤ ਕਵਿਤਾ ਹੈ। ਭੈਣ ਵਲੋਂ ਵੀਰ ਦੇ ਵਿਆਹ ਲਈ ਖੁਸ਼ੀ ਇਸ ਕਵਿਤਾ ਵਿਚ ਠਾਠਾਂ ਮਾਰ ਰਹੀ ਹੈ। ਪੰਜਾਬੀ ਸਭਿਆਚਾਰ ਵਿਚ ਭੈਣ-ਭਰਾ ਦੇ ਰਿਸ਼ਤੇ ਦਾ ਬਹੁਤ ਮਹੱਤਵ ਹੈ।

ਸਭ ਤੋਂ ਵੱਡੀ ਗੱਲ ਇਸ ਕਵਿਤਾ ਵਿਚ ਇਹ ਹੈ ਕਿ ਇਸ ਕਵਿਤਾ ਵਿਚ ਪੰਜਾਬੀ ਵਰਨਮਾਲਾ ਦੇ 35 ਅੱਖਰ ਅਤੇ 10 ਮਾਤਰਾਵਾਂ ਸਭ ਮੌਜੂਦ ਹਨ। ਅਧਿਆਪਕ ਬੱਚਿਆਂ ਨੂੰ ਵਰਨਮਾਲਾ ਅਤੇ ਮਾਤਰਾਵਾਂ ਦੀ ਪਛਾਣ ਲਈ ਕਵਿਤਾ ਦਾ ਅਧਿਐਨ ਕਰਨ ਲਈ ਕਹਿ ਸਕਦਾ ਹੈ।

ਕਵਿਤਾ ਗਾਇਨ ਤੋਂ ਬਾਅਦ ਅਧਿਆਪਕ ਵਿਦਿਆਰਥੀਆਂ ਦੇ ਪੂਰਵ ਗਿਆਨ ਨੂੰ ਜਾਂਚਣ ਅਤੇ ਕਵਿਤਾ ਦੀ ਸੂਝ ਵਿਕਸਤ ਕਰਨ ਲਈ ਹੇਠ ਲਿਖੇ ਪ੍ਰਸ਼ਨ ਪੁੱਛ ਸਕਦਾ ਹੈ :-

ੳ) ਕੀ ਤੁਸੀਂ ਆਪਣੇ ਕਿਸੇ ਵੀਰ (ਕਿਸੇ ਰਿਸ਼ਤੇਦਾਰ ਦਾ ਬੇਟਾ ਵੀ ਹੋ ਸਕਦਾ ਹੈ) ਦਾ ਵਿਆਹ ਵੇਖਿਆ ਹੈ ?

ਅ) ਵਿਆਹ ਵਿਚ ਤੁਸੀਂ ਕੀ-ਕੀ ਕਰਦੇ ਹੋ ?

ੲ) ਇਸ ਗੀਤ ਵਿਚ ਕਿਸ ਦੀ ਜੰਞ ਚੜ੍ਹੀ ਹੈ ?

ਸ) ਵੀਰੇ ਦੀ ਬਰਾਤ ਸਮੇਂ ਕੀ-ਕੀ ਸ਼ਗਨ ਕੀਤੇ ਗਏ ਹਨ ?

ਹ) ਵੀਰ ਦੇ ਵਿਆਹ ਸਮੇਂ ਭੈਣ ਕੀ-ਕੀ ਕਰਦੀ ਹੈ ?

## ਕਰਨ ਲਈ ਕੁਝ ਹੋਰ

* ਇਸ ਗੀਤ ਨੂੰ ਯਾਦ ਕਰਕੇ ਆਪਣੇ ਕਿਸੇ ਵੀਰ ਦੇ ਵਿਆਹ ਵੇਲੇ ਗਾਓ ਜਾਂ ਜਮਾਤ ਵਿਚ ਸੁਣਾਓ?
* ਕਿਸੇ ਕੁੜੀ ਜਾਂ ਮੁੰਡੇ ਦੇ ਵਿਆਹ ਵੇਲੇ, ਕੀ-ਕੀ ਜ਼ਰੂਰੀ ਕੰਮ ਕੀਤੇ ਜਾਂਦੇ ਹਨ, ਜਮਾਤ ਵਿਚ ਚਰਚਾ ਕਰੋ।

ਇਸੇ ਤਰ੍ਹਾਂ ਸਤਵੀਂ ਜਮਾਤ ਵਿਚ ਅੰਮ੍ਰਿਤਾ ਪ੍ਰੀਤਮ ਦੀ ਕਵਿਤਾ 'ਮਾਂ ਦਾ ਪਿਆਰ' ਹੈ। ਇਸ ਕਵਿਤਾ ਨੂੰ ਵੀ ਲੈਅ-ਬੱਧ ਵਿਧੀ ਨਾਲ ਜਮਾਤ ਵਿਚ ਕਰਵਾਇਆ ਜਾ ਸਕਦਾ ਹੈ। ਪ੍ਰਾਰਥਨਾ ਸਭਾ ਵਿਚ ਬੱਚੇ ਇਸਨੂੰ ਬੋਲ ਸਕਦੇ ਹਨ ਅਤੇ ਕਵਿਤਾ-ਪਾਠ ਮੁਕਾਬਲਾ ਵੀ ਕਰਵਾਇਆ ਜਾ ਸਕਦਾ ਹੈ।

ਕਾਵਿਕ ਵਾਤਾਵਰਨ ਪੈਦਾ ਕਰਨ ਲਈ ਵਿਦਿਆਰਥੀਆਂ ਨੂੰ ਮਾਂ ਬਾਰੇ ਪੁੱਛਿਆ ਜਾ ਸਕਦਾ ਹੈ। ਉਹਨਾਂ ਨੂੰ ਆਪਣੀ ਮਾਂ ਬਾਰੇ ਕੁਝ ਸਤਰਾਂ ਲਿਖਣ ਜਾਂ ਬੋਲਣ ਲਈ ਕਿਹਾ ਜਾ ਸਕਦਾ ਹੈ। ਮਾਂ ਦੀ ਤਸਵੀਰ ਵੀ ਬੱਚੇ ਬਣਾ ਸਕਦੇ ਹਨ।

ਔਖੇ ਸ਼ਬਦਾਂ ਦੇ ਅਰਥਾਂ ਤੋਂ ਜਾਣੂ ਕਰਵਾ ਕੇ ਅਧਿਆਪਕ ਕਵਿਤਰੀ ਦਾ ਸੰਦੇਸ਼ ਵਿਦਿਆਰਥੀਆਂ ਤੱਕ ਸੰਚਾਰਿਤ ਕਰਦਾ ਹੈ। ਉਸ ਤੋਂ ਬਾਅਦ ਸੰਬੰਧਤ ਪ੍ਰਸ਼ਨ ਅਤੇ ਅਭਿਆਸ ਕਰਵਾਇਆ ਜਾ ਸਕਦਾ ਹੈ।

ਸੈਕੰਡਰੀ ਜਮਾਤਾਂ ਨੂੰ ਕਵਿਤਾ-ਅਧਿਆਪਨ ਕਰਵਾਉਂਦੇ ਸਮੇਂ ਵੱਖਰੀ ਵਿਧੀ ਅਪਨਾਈ ਜਾ ਸਕਦੀ ਹੈ। ਦਿੱਲੀ ਵਿਚ ਮਿਡਲ ਜਮਾਤਾਂ ਵਿਚ ਪੰਜਾਬੀ ਭਾਸ਼ਾ ਅਧਿਆਪਨ ਸਿਰਫ ਭਾਸ਼ਾ ਉਪਰ ਅਧਾਰਿਤ ਹੈ। ਪਾਠ ਪੁਸਤਕਾਂ ਭਾਸ਼ਾ ਦੇ ਰੂਪ ਵਿਚ ਪੰਜਾਬੀ ਨੂੰ ਸਥਾਪਤ ਕਰਨ ਦਾ ਜ਼ਰੀਆ ਹਨ। ਕਵਿਤਾਵਾਂ ਦੀ ਪੜ੍ਹਾਈ ਰੌਚਕ ਕਵਿਤਾ-ਪਾਠ ਅਤੇ ਭਾਸ਼ਾ ਗਿਆਨ ਤੱਕ ਸੀਮਤ ਹੁੰਦੀ ਹੈ। ਸੈਕੰਡਰੀ ਪੱਧਰ ਤੇ ਕਵਿਤਾ, ਕਹਾਣੀ, ਵਾਰਤਕ, ਇਕਾਂਗੀ ਆਦਿ ਨੂੰ ਸਾਹਿਤਕ ਵਿਧਾ ਦੇ ਤੌਰ 'ਤੇ ਸ਼ਾਮਲ ਕੀਤਾ ਗਿਆ ਹੈ। ਵਿਦਿਆਰਥੀਆਂ ਨੂੰ ਕਵਿਤਾ ਦੇ ਨਾਲ-ਨਾਲ ਕਵੀ ਬਾਰੇ ਵੀ ਸੰਖੇਪ ਜਾਣਕਾਰੀ ਦਿੱਤੀ ਜਾਣੀ ਜ਼ਰੂਰੀ ਹੈ। ਵਿਦਿਆਰਥੀਆਂ ਅੰਦਰ ਕਾਵਿਕ-ਸੁਹਜ ਪੈਦਾ ਕਰਨਾ, ਲੁਕਵੇਂ ਅਰਥਾਂ ਦੀ ਪਛਾਣ ਕਰਨਾ, ਬੋਲੀ, ਸ਼ੈਲੀ, ਲਿਖਣ ਸਮੇਂ ਅਤੇ ਉਸ ਸਮੇਂ ਪ੍ਰਚਲਤ ਕਾਵਿ-ਵਿਧਾਵਾਂ ਬਾਰੇ ਜਾਣੂ ਕਰਵਾ ਕੇ ਉਹਨਾਂ ਦੇ ਸਿਰਜਣਾਤਮਕ ਗੁਣਾਂ ਨੂੰ ਪ੍ਰੋਤਸਾਹਤ ਕਰਨਾ ਅਤੇ ਕਵਿਤਾ ਦੀ ਸੂਝ ਵਿਕਸਤ ਕਰਨਾ ਹੈ।

ਮੱਧ-ਕਾਲੀਨ ਕਵਿਤਾ ਅਤੇ ਆਧੁਨਿਕ ਕਵਿਤਾ ਦੇ ਪ੍ਰਮੁੱਖ ਕਾਵਿ-ਰੂਪਾਂ, ਵਿਧਾਵਾਂ ਬਾਰੇ ਜਾਣਕਾਰੀ ਦੇਣਾ ਅਧਿਆਪਕ ਦਾ ਪ੍ਰਮੁੱਖ ਕਾਰਜ ਹੁੰਦਾ ਹੈ। ਕਵਿਤਾ ਭਾਵੇਂ ਮਧਕਾਲੀਨ ਹੋਵੇ ਜਾਂ ਆਧੁਨਿਕ, ਉਸਦਾ

ਅਧਿਆਪਨ ਕਾਰਜ ਸਮੇਂ ਅਤੇ ਸਥਾਨ ਦੇ ਨਾਲ ਨਾਲ ਸਮਾਜਕ, ਸਭਿਆਚਾਰਕ, ਰਾਜਨੀਤਕ ਅਤੇ ਨੈਤਿਕ ਮਾਹੌਲ ਨੂੰ ਮੁੱਖ ਰੱਖਕੇ ਕੀਤਾ ਜਾਵੇ ਤਾਂ ਇਹ ਕੰਮ ਸਫਲਤਾ ਪੂਰਵਕ ਨੇਪਰੇ ਚਾੜ੍ਹਿਆ ਜਾ ਸਕਦਾ ਹੈ। ਸੂਫ਼ੀ-ਕਾਵਿ, ਗੁਰਮਤਿ-ਕਾਵਿ, ਕਿੱਸਾ-ਕਾਵਿ, ਵਾਰ-ਕਾਵਿ ਅਤੇ ਆਧੁਨਿਕ-ਕਾਵਿ ਦੇ ਸੰਕਲਪਾਂ ਨੂੰ ਸਰਲ ਤਰੀਕੇ ਨਾਲ ਵਿਦਿਆਰਥੀਆਂ ਸਾਹਮਣੇ ਲਿਆਉਣਾ ਇਕ ਵੱਡੀ ਚੁਣੌਤੀ ਹੈ। ਕਾਲ ਅਨੁਸਾਰ ਕਾਵਿ-ਰੂਪਾਂ ਦਾ ਅੰਤਰ, ਵਿਸ਼ੇ ਅਤੇ ਸ਼ੈਲੀ ਵਿਚ ਵਿਭਿੰਨਤਾ ਸੌਖੇ ਸ਼ਬਦਾਂ ਰਾਹੀਂ ਵਿਦਿਆਰਥੀਆਂ ਨੂੰ ਸਮਝਾਈ ਜਾ ਸਕਦੀ ਹੈ।

ਸੈਕੰਡਰੀ ਜਮਾਤਾਂ ਵਿਚ ਗੁਰਮਤਿ-ਕਾਵਿ ਨੂੰ ਕਰਵਾਉਣ ਤੋਂ ਪਹਿਲਾਂ ਗੁਰਮਤਿ ਸੰਕਲਪ ਨੂੰ ਸਮਝਣਾ ਅਤੇ ਸਮਝਾਉਣਾ ਬਹੁਤ ਜ਼ਰੂਰੀ ਹੈ। ਉਦਾਹਰਨ ਲਈ :-

ਮਨਮੁਖਿ ਗਰਬਿ ਨਾ ਪਾਇਓ ਅਗਿਆਨ ਇਆਣੇ॥
ਸਤਿਗੁਰ ਸੇਵਾ ਨਾ ਕਰਹਿ ਫਿਰਿ ਫਿਰਿ ਪਛੁਤਾਣੇ॥

ਇਥੇ ਸਭ ਤੋਂ ਪਹਿਲਾਂ ਗੁਰਬਾਣੀ ਉਚਾਰਨ ਦੱਸਣਾ ਜ਼ਰੂਰੀ ਹੈ ਕਿ ਮਨਮੁਖਿ ਅਤੇ ਗਰਬਿ, ਸਤਿਗੁਰ ਸ਼ਬਦਾਂ ਵਿਚ ( ਿ ) ਦੀ ਮਾਤਰਾ ਅਵਾਜ਼ ਰਹਿਤ ਹੈ, ਇਸੇ ਤਰ੍ਹਾਂ ਕਰਹਿ ਵਿਚ ( ਿ ) ਦੀ ਮਾਤਰਾ ( ੈ ) ਦੀ ਅਵਾਜ਼ ਦਿੰਦੀ ਹੈ। ਇਹਨਾਂ ਸਤਰਾਂ ਵਿਚ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ ਕਿ ਮਨਮੁਖ ਆਪਣੇ ਹੰਕਾਰ ਕਰਕੇ ਅਗਿਆਨੀ ਹਨ। ਉਹ ਸਤਿਗੁਰ ਦੀ ਸੇਵਾ ਨਹੀਂ ਕਰਦੇ ਤੇ ਫਿਰ ਪਛਤਾਉਂਦੇ ਹਨ। ਇੱਥੇ ਵਿਦਿਆਰਥੀਆਂ ਨੂੰ ਇਹ ਦੱਸਣਾ ਜ਼ਰੂਰੀ ਹੈ ਕਿ ਗੁਰਬਾਣੀ ਵਿਚ ਹੰਕਾਰ ਦੀ ਕੋਈ ਥਾਂ ਨਹੀਂ।

ਇਸੇ ਤਰ੍ਹਾਂ, ਆਧੁਨਿਕ ਕਵਿਤਾਵਾਂ ਵਿਚੋਂ ਸ਼ਿਵ ਕੁਮਾਰ ਬਟਾਲਵੀ ਦੀ ਕਵਿਤਾ 'ਰੁੱਖ' ਲੈ ਸਕਦੇ ਹਾਂ। ਇਸ ਕਵਿਤਾ ਵਿਚ ਕਵੀ ਨੇ ਰੁੱਖ ਨੂੰ ਵੱਖ-ਵੱਖ ਮਨੁੱਖੀ ਰਿਸ਼ਤਿਆਂ ਵਿਚ ਪਰਿਭਾਸ਼ਤ ਕੀਤਾ ਹੈ।

ਇਸ ਵਿਚ ਰੁੱਖਾਂ ਦੇ ਮਹੱਤਵ ਨੂੰ ਦਰਸਾਇਆ ਗਿਆ ਹੈ। ਇਸ ਕਵਿਤਾ ਨੂੰ ਅਸੀਂ ਵਾਤਾਵਰਨ ਨਾਲ ਜੋੜ ਕੇ ਵੀ ਵੇਖ ਸਕਦੇ ਹਾਂ। ਰੁੱਖਾਂ ਦੇ ਲਾਭ ਵਿਸ਼ੇ 'ਤੇ ਚਰਚਾ ਕਰ ਸਕਦੇ ਹਾਂ। ਅਧਿਆਪਕ ਜਮਾਤ ਵਿਚ ਕਵਿਤਾ-ਗਾਇਨ ਕਰਵਾ ਸਕਦਾ ਹੈ। ਕਵਿਤਾ ਪੜ੍ਹਾਉਣ ਲਈ ਸੁਚੱਜੀ ਪਾਠ ਯੋਜਨਾ ਵੀ ਬਹੁਤ ਜ਼ਰੂਰੀ ਹੈ।

ਇਸਤਰ੍ਹਾਂ ਵੱਖ-ਵੱਖ ਤਕਨੀਕਾਂ ਅਤੇ ਵਿਧੀਆਂ ਰਾਹੀਂ ਅਧਿਆਪਕ ਕਵਿਤਾ ਅਧਿਆਪਨ ਨੂੰ ਸੁਚੱਜੇ ਢੰਗ ਨਾਲ ਨਿਭਾ ਸਕਦਾ ਹੈ ਅਤੇ ਵਿਦਿਆਰਥੀਆਂ ਤੱਕ ਆਪਣੀ ਯੋਗ ਪਹੁੰਚ ਬਣਾ ਸਕਦਾ ਹੈ।

# ਵਾਰਤਕ

**ਸੁਰਿੰਦਰਪਾਲ ਸਿੰਘ**

ਜਦੋਂ ਅਸੀਂ ਵਿਸ਼ਵ ਸਾਹਿਤ ਦਾ ਅਧਿਐਨ ਕਰਦੇ ਹਾਂ ਤਾਂ ਪਤਾ ਲਗਦਾ ਹੈ ਕਿ ਮਨੁੱਖ ਨੇ ਆਪਣੀਆਂ ਭਾਵਨਾਵਾਂ ਦੇ ਪ੍ਰਗਟਾਅ ਲਈ ਪਹਿਲਾਂ ਕਵਿਤਾ ਦੀ ਰਚਨਾ ਕੀਤੀ ਅਤੇ ਬਾਅਦ ਵਿਚ ਵਾਰਤਕ ਦੀ ਰਚਨਾ ਹੋਈ। ਵਿਦਵਾਨਾਂ ਅਨੁਸਾਰ ਕਵਿਤਾ ਦਾ ਸੰਬੰਧ ਮਨੁੱਖੀ ਹਿਰਦੇ ਦੇ ਵਲਵਲਿਆਂ ਨਾਲ ਹੈ ਜਦੋਂ ਕਿ ਵਾਰਤਕ ਦਾ ਸੰਬੰਧ ਬੁੱਧੀ ਨਾਲ ਭਾਵ ਦਿਮਾਗ਼ ਨਾਲ ਹੈ। ਇਹ ਵੀ ਕਿਹਾ ਜਾਂਦਾ ਹੈ ਕਿ ਵਾਰਤਕ ਵਿਗਿਆਨਕ ਯੁੱਗ ਦੀ ਉਪਜ ਹੈ ਪਰ ਇਹ ਕਥਨ ਪੂਰੇ ਤੌਰ ਤੇ ਸਹੀ ਨਹੀਂ ਮੰਨਿਆ ਜਾ ਸਕਦਾ ਕਿਉਂਕਿ ਪੁਰਾਣਾ ਕਥਾ-ਸਾਹਿਤ ਜਿਵੇਂ ਕਿ ਬੁਝਾਰਤਾਂ ਆਦਿ ਵਿਚ ਵੀ ਵਾਰਤਕ ਦੀ ਵਰਤੋਂ ਮੰਨੀ ਜਾਂਦੀ ਹੈ। ਭਾਰਤ ਵਿਚ ਵਾਰਤਕ ਦਾ ਜਨਮ ਮੱਧਕਾਲ ਅੰਦਰ ਹੋਇਆ ਅਤੇ ਪੰਜਾਬੀ ਵਾਰਤਕ ਵੀ ਉਸੇ ਵੇਲੇ ਹੀ ਹੋਂਦ ਵਿਚ ਆਈ ਸਮਝੀ ਜਾਂਦੀ ਹੈ। ਮਨੁੱਖ ਦੇ ਵਿਕਾਸ ਭਾਵ ਮਨੁੱਖੀ ਸੰਸਕ੍ਰਿਤੀ ਜਦੋਂ ਬੌਧਿਕ ਪੱਧਰ ਤੇ ਵਿਕਾਸ ਵਲ ਨੂੰ ਵਧਦੀ ਗਈ ਤਾਂ ਮਨੁੱਖ ਵਿਚਾਰਵਾਨ ਹੁੰਦਾ ਗਿਆ, ਵਾਰਤਕ ਦਾ ਵਿਕਾਸ ਵੀ ਉਸੇ ਤਰ੍ਹਾਂ ਵਧਦਾ ਗਿਆ।

ਵਾਰਤਕ ਦੇ ਅਧਿਆਪਨ ਦੀ ਗੱਲ ਕਰਨ ਤੋਂ ਪਹਿਲਾਂ ਸਾਹਿਤ ਦੀ ਇਸ ਵਿਧਾ ਦੀ ਪਰਿਭਾਸ਼ਾ ਬਾਰੇ ਵਿਚਾਰ ਲਾਜ਼ਮੀ ਹੈ। ਅਸਲ ਵਿਚ 'ਵਾਰਤਕ' ਸ਼ਬਦ ਲਾਤੀਨੀ ਭਾਸ਼ਾ ਦੇ 'Prose' ਦਾ ਹੀ ਇਕ ਸਮਾਨਾਰਥਕ ਸ਼ਬਦ ਹੈ। ਜਿਸਦਾ ਅਰਥ ਸਿੱਧੀ ਗੱਲ ਜਾਂ ਸ਼ਬਦਾਂ ਦੀ ਸਿੱਧੀ-ਸਾਦੀ ਬਣਤਰ ਜਿਹੜੀ ਛੰਦਾ-ਬੰਦੀ ਤੋਂ ਮੁਕਤ ਹੋਵੇ। ਸਾਧਾਰਨ ਗੱਲਬਾਤ ਨੂੰ ਵੀ 'Prose' ਕਿਹਾ ਜਾਂਦਾ ਹੈ। ਐਨਸਾਈਕਲੋਪੀਡੀਆ ਬ੍ਰਿਟੈਨਿਕਾ ਅਨੁਸਾਰ, ਮਨੁੱਖ ਦੇ ਉਨ੍ਹਾਂ ਸਾਫ ਤੇ ਸਿੱਧੇ ਵਚਨਾਂ ਨੂੰ 'ਪਰੋਜ' ਕਿਹਾ ਜਾਂਦਾ ਹੈ ਜਿਨ੍ਹਾਂ ਨੂੰ ਸਿਰਜਣ ਤੇ ਅੰਕਿਤ ਕਰਨ ਲਈ ਕਵਿਤਾ ਦੇ ਨੇਮਾਂ ਦੀ ਲੋੜ ਨਾ ਪਵੇ। ਇਸ ਤਰ੍ਹਾਂ ਵਾਰਤਕ ਦੀ ਪਰਿਭਾਸ਼ਾ ਕੁਝ ਇਸ ਤਰ੍ਹਾਂ ਹੋਵੇਗੀ, 'ਵਾਰਤਕ ਸਾਹਿਤ ਪ੍ਰਗਟਾਅ ਦੇ ਉਨ੍ਹਾਂ ਸਾਰੇ ਰੂਪਾਂ ਨੂੰ ਕਿਹਾ ਜਾਂਦਾ ਹੈ, ਜਿਹੜੇ ਛੰਦਾ-ਬੰਦੀ ਦੀ ਕੈਦ ਵਿਚ ਨਾ ਆਉਣ ਅਤੇ ਸਿੱਧੇ ਬਚਨ ਹੋਣ, ਅਰਥਾਤ ਜਿਹੜੀ ਦਲੀਲ ਜਾਂ ਤਰਕ ਉਪਰ ਅਧਾਰਤ ਹੋਵੇ।' ਜੇ ਇਸ ਨੂੰ ਹੋਰ ਸਾਧਾਰਨ ਅਰਥਾਂ ਵਿਚ ਲਿਖਿਆ ਜਾਵੇ ਤਾਂ ਅਸੀਂ ਕਹਾਂਗੇ ਕਿ ਵਾਰਤਕ ਕਵਿਤਾ ਵਿਚ ਵਰਤੀ ਜਾਣ ਵਾਲੀ ਲੈਅ, ਕਹਾਣੀ ਵਿਚ ਵਰਤੇ ਜਾਣ ਵਾਲੇ ਬਿਰਤਾਂਤ, ਨਾਵਲ ਵਿਚ ਸੀਮਤ ਕੀਤੇ ਗਏ ਪਲਾਟ ਦੀ ਸੀਮਾ ਤੋਂ ਮੁਕਤ ਸਾਹਿਤ ਸਿਰਜਣ ਦਾ ਇਕ ਸਿੱਧਾ ਤੇ ਸਪਸ਼ਟ ਰੂਪ ਹੈ।

ਪੰਜਾਬੀ ਵਾਰਤਕ ਨੂੰ ਸੌਖੇ ਤਰੀਕੇ ਨਾਲ ਸਮਝਣ ਲਈ ਵਾਰਤਕ ਨੂੰ ਦੋ ਹਿੱਸਿਆਂ ਵਿਚ ਵੰਡਿਆ ਜਾਂਦਾ ਹੈ-ਪੁਰਾਤਨ ਵਾਰਤਕ ਅਤੇ ਆਧੁਨਿਕ ਵਾਰਤਕ। ਪੁਰਾਤਨ ਪੰਜਾਬੀ ਵਾਰਤਕ ਵਿਚ ਸਾਖੀ, ਜਨਮ-ਸਾਖੀ, ਟੀਕੇ, ਬਚਨ ਗੋਸ਼ਟਿ, ਰਹਿਤਨਾਮੇ, ਹੁਕਮਨਾਮੇ, ਸੁਖਨ ਆਦਿ ਵੰਨਗੀਆਂ ਸ਼ਾਮਲ ਕੀਤੀਆਂ ਜਾਂਦੀਆਂ ਹਨ

ਅਤੇ ਆਧੁਨਿਕ ਪੰਜਾਬੀ ਵਾਰਤਕ ਵਿਚ ਨਿਬੰਧ, ਲੇਖ, ਜੀਵਨੀ, ਸ੍ਵੈ-ਜੀਵਨੀ, ਸਫ਼ਰਨਾਮਾ, ਸੰਸਮਰਨ, ਰੇਖਾ-ਚਿੱਤਰ, ਡਾਇਰੀ ਆਦਿ ਵੰਨਗੀਆਂ ਨੂੰ ਸ਼ਾਮਲ ਕੀਤਾ ਜਾਂਦਾ ਹੈ।

ਆਧੁਨਿਕ ਵਾਰਤਕ ਸਾਹਿਤ ਦੀ ਇਕ ਵਿਗਿਆਨਕ ਵਿਧਾ ਹੈ ਜੋ ਕਿ ਸਾਹਿਤ ਦੇ ਹੋਰਨਾਂ ਰੂਪਾਂ ਤੋਂ ਵਧੇਰੇ ਵਿਹਾਰਕ ਤੇ ਸਪਸ਼ਟ ਹੈ। ਸਾਹਿਤ ਦੇ ਅਧਿਆਪਕ ਦਾ ਇਹ ਫਰਜ਼ ਬਣਦਾ ਹੈ ਕਿ ਉਹ ਵਿਦਿਆਰਥੀਆਂ ਨੂੰ ਪੜ੍ਹਾਈ ਜਾਣ ਵਾਲੀ ਵਿਧਾ ਦੇ ਮੁੱਖ ਤੱਤਾਂ ਅਤੇ ਨੁਕਤਿਆਂ ਬਾਰੇ ਜ਼ਰੂਰੀ ਜਾਣਕਾਰੀ ਰੱਖਦਾ ਹੋਵੇ। ਆਪਣੇ ਅਧਿਆਪਨ ਨੂੰ ਪ੍ਰਭਾਵਸ਼ਾਲੀ ਬਣਾਉਣ ਲਈ ਇਕ ਅਧਿਆਪਕ ਨੂੰ ਪੜਾਈ ਜਾਣ ਵਾਲੀ ਸਾਹਿਤਕ ਵਿਧਾ ਦੀ ਅਤੇ ਸਾਹਿਤਕ ਪੱਖ ਦੀ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ।

ਅਧਿਆਪਕ ਨੂੰ ਵਾਰਤਕ ਪੜ੍ਹਾਉਣ ਤੋਂ ਪਹਿਲਾਂ ਜਮਾਤ ਵਿਚ ਇਸ ਗੱਲ ਦਾ ਚਰਚਾ ਕਰਨਾ ਜ਼ਰੂਰੀ ਹੈ ਕਿ ਇਹ ਵਿਧਾ ਕਵਿਤਾ ਤੋਂ ਕਿਸ ਤਰ੍ਹਾਂ ਅਲੱਗ ਹੈ। ਵਾਰਤਕ ਨੂੰ ਕਵਿਤਾ ਵਾਂਗ ਪੜ੍ਹਾਉਣਾ ਸੌਖਾ ਅਤੇ ਦਿਲਚਸਪ ਨਹੀਂ ਹੁੰਦਾ। ਆਮ ਤੌਰ ਤੇ ਅਸੀਂ ਅਧਿਆਪਨ ਵੇਲੇ ਪਾਠ ਵਿਚਲੀ ਕਥਾ ਜਾਂ ਅੰਸ਼ ਤਕ ਸੀਮਤ ਰਹਿ ਜਾਂਦੇ ਹਾਂ। ਆਪਣੇ ਅਧਿਆਪਨ ਨੂੰ ਵਧੇਰੇ ਰੌਚਕ ਅਤੇ ਪ੍ਰਭਾਵਸ਼ਾਲੀ ਬਣਾਉਣ ਲਈ ਜ਼ਰੂਰੀ ਹੈ ਕਿ ਵਾਰਤਕ ਰਾਹੀਂ ਭਾਸ਼ਾ ਦੇ ਬਦਲਦੇ ਸਰੂਪ ਵੱਲ ਧਿਆਨ ਦੇ ਕੇ ਪਾਠ ਵਿਚ ਬਦਲਦੀ ਸ਼ੈਲੀ, ਬਦਲ ਰਹੀ ਸ਼ਬਦਾਵਲੀ, ਬਦਲ ਰਹੀ ਵਾਕ-ਬਣਤਰ ਅਤੇ ਵਾਰਤਕਕਾਰ ਦੀ ਨਿਵੇਕਲੀ ਸ਼ੈਲੀ ਬਾਰੇ ਗਿਆਨ ਦੇਈਏ। ਸਾਹਿਤ ਦੀ ਵੰਨਗੀ 'ਕਵਿਤਾ' ਬਾਰੇ ਵਿਦਿਆਰਥੀਆਂ ਦੀ ਜਾਣ-ਪਛਾਣ ਪਹਿਲਾਂ ਹੀ ਹੁੰਦੀ ਹੈ ਪਰ ਵਾਰਤਕ ਦਾ ਵਿਸ਼ਾ ਉਨ੍ਹਾਂ ਲਈ ਨਿਵੇਕਲਾ ਹੈ। ਭਾਵੇਂ ਉਨ੍ਹਾਂ ਨੇ ਵਾਰਤਕ ਦੀਆਂ ਵੰਨਗੀਆਂ ਬਾਰੇ ਪਿਛਲੀਆਂ ਜਮਾਤਾਂ ਵਿਚ ਕੁਝ ਪਾਠ ਪੜ੍ਹੇ ਹੋਣਗੇ ਪਰ ਸਿਧਾਂਤਕ ਤੌਰ ਤੇ ਉਨ੍ਹਾਂ ਨੂੰ ਵਾਰਤਕ ਅਤੇ ਕਵਿਤਾ ਵਿਚ ਅੰਤਰ ਨੂੰ ਸਪਸ਼ਟ ਕਰਨਾ ਜ਼ਰੂਰੀ ਹੈ। ਕਵਿਤਾ ਅਤੇ ਵਾਰਤਕ ਦੀ ਪ੍ਰਕਿਰਤੀ ਵੱਖ-ਵੱਖ ਹੈ। ਕਵਿਤਾ ਵਿਚ ਕਿਸੇ ਗੱਲ ਨੂੰ ਕਿਹਾ ਨਹੀਂ ਜਾਂਦਾ ਸਗੋਂ ਪੇਸ਼ ਕੀਤਾ ਜਾਂਦਾ ਹੈ। ਇਸ ਪੇਸ਼ਕਾਰੀ ਵਿਚ ਲੈਅ, ਸੰਗੀਤ, ਰਸ ਅਤੇ ਛੰਦਾਂ ਦਾ ਮੇਲ ਹੁੰਦਾ ਹੈ।

ਦੂਜੇ ਪਾਸੇ ਵਾਰਤਕ ਵਿਚ ਤਰਕ ਭਰਪੂਰ ਤਰੀਕੇ ਨਾਲ ਭਾਸ਼ਾ ਦੀ ਵਰਤੋਂ ਕੀਤੀ ਜਾਂਦੀ ਹੈ ਇਸ ਵਿਚ ਵਿਆਕਰਨ ਦੇ ਨੇਮਾਂ ਨੂੰ ਨਿਭਾਇਆ ਜਾਂਦਾ ਹੈ। ਸ਼ਬਦ-ਜੋੜਾਂ ਅਤੇ ਵਾਕ-ਬਣਤਰ ਦਾ ਸੁਮੇਲ ਹੁੰਦਾ ਹੈ। ਵਧੇਰੇ ਤੌਰ ਤੇ ਵਾਰਤਕ ਵਿਚ ਸੂਚਨਾ ਜਾਂ ਜਾਣਕਾਰੀ ਹਿੱਤ ਕਿਰਤ ਹੁੰਦੀ ਹੈ ਤੇ ਇਸ ਵਿਚ ਭਾਸ਼ਾ ਨੂੰ ਮਾਧਿਅਮ ਵਾਂਗ ਵਰਤਿਆ ਜਾਂਦਾ ਹੈ। ਲੇਖ, ਨਿਬੰਧ ਜਾਂ ਜੀਵਨੀ ਨੂੰ ਪੜ੍ਹ ਕੇ ਪਾਠਕ ਉਸ ਨੂੰ ਸੰਖੇਪ ਵਿਚ ਸੁਣਾ ਵੀ ਸਕਦਾ ਹੈ। ਕਵਿਤਾ ਵਿਚ ਕਿਸੇ ਗੱਲ ਨੂੰ ਮੂਰਤੀਮਾਨ ਕੀਤਾ ਜਾਂਦਾ ਹੈ ਜਦਕਿ ਵਾਰਤਕ ਵਿਚ ਭਾਸ਼ਾ ਅਮੂਰਤ ਸੰਕਲਪ ਜਾਂ ਵਿਚਾਰਾਂ ਦੇ ਪ੍ਰਗਟਾਅ ਵਿਚ ਸਹਾਈ ਹੁੰਦੀ ਹੈ।

ਪਿਆਰੇ ਸਾਥੀਓ ਨੌਵੀਂ ਅਤੇ ਦਸਵੀਂ ਜਮਾਤ ਦੀਆਂ ਪੰਜਾਬੀ ਪਾਠ ਪੁਸਤਕਾਂ "ਸਾਹਿਤਕ ਕਿਰਨਾਂ ਭਾਗ-1 ਅਤੇ ਭਾਗ-2" ਵਿਚ ਚੋਣਵੇਂ ਵਾਰਤਕਕਾਰਾਂ ਨੂੰ ਸ਼ਾਮਲ ਕੀਤਾ ਗਿਆ ਹੈ। ਇਨ੍ਹਾਂ ਵਿਚਲੇ ਵਾਰਤਕ ਦੇ ਪਾਠਾਂ ਵਿਚ ਸਾਹਿਤ ਦੀ ਵਾਰਤਕ ਵਿਧਾ 'ਨਿਬੰਧ' ਵੰਨਗੀ ਨੂੰ ਸ਼ਾਮਲ ਕੀਤਾ ਗਿਆ ਹੈ, ਸੋ ਇੱਥੇ ਇਹ ਜ਼ਰੂਰੀ ਹੋ ਜਾਂਦਾ ਹੈ ਕਿ ਵਾਰਤਕ ਦੀ ਇਸ ਵੰਨਗੀ ਦੀ ਪਰਿਭਾਸ਼ਾ ਅਤੇ ਲੱਛਣਾਂ ਬਾਰੇ ਵਿਚਾਰ ਕੀਤੀ ਜਾਵੇ।

ਨਿਬੰਧ ਵਾਰਤਕ ਸਾਹਿਤ ਦਾ ਇਕ ਮਹੱਤਵਪੂਰਨ ਰੂਪ ਹੈ। ਆਧੁਨਿਕ ਕਾਲ ਵਿਚ ਸਾਹਿਤ ਦਾ ਇਹ ਰੂਪ ਬਹੁਤ ਹਰਮਨ ਪਿਆਰਾ ਹੋਇਆ। ਸਾਹਿਤ ਦੇ ਇਸ ਰੂਪ ਵਿਚ ਰਚਨਾਕਾਰ ਦੀ ਸ਼ਖ਼ਸੀਅਤ ਅਤੇ ਕਲਾਤਮਕ ਯੋਗਤਾ ਦਾ ਮੇਲ ਹੁੰਦਾ ਹੈ। ਨਿਬੰਧ ਸਾਹਿਤ ਦਾ ਇਕ ਐਸਾ ਰੂਪ ਹੈ ਜਿਸ ਵਿਚ ਕਿਸੇ

ਵਿਅਕਤੀ-ਵਿਸ਼ੇਸ਼ ਦੀ ਸ਼ਖਸੀਅਤ ਸੰਪੂਰਨ ਰੂਪ ਵਿਚ ਸਾਕਾਰ ਹੁੰਦੀ ਹੈ। ਕਿਸੇ ਨਿਬੰਧਕਾਰ ਦੀਆਂ ਮਾਨਸਿਕ ਡੂੰਘਾਈਆਂ ਦਾ ਅੰਦਾਜ਼ਾ ਨਿਬੰਧ ਤੋਂ ਹੀ ਲਗਾਇਆ ਜਾ ਸਕਦਾ ਹੈ। ਰਚਨਾਕਾਰ ਦੀ ਅਭਿਵਿਅਕਤੀ ਭਾਵਨਾਵਾਂ ਤੇ ਵਿਚਾਰਾਂ ਦੇ ਪੱਧਰ ਤੇ ਉਸ ਦੇ ਅੰਤਰੀਵ ਰੂਪ ਨੂੰ ਕੇਵਲ ਸਾਕਾਰ ਹੀ ਨਹੀਂ ਕਰਦੀ ਸਗੋਂ ਨਿਬੰਧਕਾਰ ਦੀ ਸ਼ੈਲੀ ਦੇ ਰਾਗ-ਵੈਰਾਗ, ਆਵੇਗ-ਆਵੇਸ਼ ਦੀਨਤਾ ਆਦਿ ਦੇ ਕਲਾਤਮਕ ਗੁਣਾਂ ਨੂੰ ਵੀ ਵਿਅਕਤ ਕਰਦੀ ਹੈ। ਨਿਬੰਧ, ਅੰਗਰੇਜ਼ੀ ਭਾਸ਼ਾ ਦੇ ਸ਼ਬਦ 'ਆਰਟੀਕਲ' ਦਾ ਸਮਾਨਾਰਥਕ ਸ਼ਬਦ ਹੈ। ਉਹ ਰਚਨਾਵਾਂ ਜਿਹੜੀਆਂ ਕਿਸੇ ਵਿਸ਼ੇਸ਼ ਵਿਸ਼ੇ ਬਾਰੇ ਜਾਣਕਾਰੀ ਤਾਂ ਦਿੰਦੀਆਂ ਹਨ ਪਰ ਸਾਹਿਤਕ ਗੁਣਾਂ ਤੋਂ ਸੱਖਣੀਆਂ ਹੁੰਦੀਆਂ ਹਨ, ਉਹ ਨਿਬੰਧ ਨਹੀਂ ਅਖਵਾ ਸਕਦੀਆਂ। ਇਸੇ ਕਰਕੇ ਕੋਈ ਨਿਬੰਧ ਲੇਖ ਤਾਂ ਹੋ ਸਕਦਾ ਹੈ ਪਰ ਇਹ ਜ਼ਰੂਰੀ ਨਹੀਂ ਕਿ ਸਾਰੇ ਲੇਖ ਨਿਬੰਧ ਹੋਣ।

ਵਿਸ਼ੇ ਦੇ ਆਧਾਰ ਤੇ ਨਿਬੰਧਾਂ ਨੂੰ ਸਮਾਜਕ, ਵਿਗਿਆਨਕ, ਧਾਰਮਕ, ਆਰਥਕ, ਇਤਿਹਾਸਕ, ਸਭਿਆਚਾਰਕ ਅਤੇ ਰਾਜਨੀਤਕ ਆਦਿ ਵਰਗਾਂ ਵਿਚ ਵੰਡਿਆ ਜਾਂਦਾ ਹੈ। ਆਧੁਨਿਕ ਮੌਲਿਕ ਨਿਬੰਧ ਦੀ ਉਤਪਤੀ, ਪੰਜਾਬ ਦੇ ਪ੍ਰਤਿਭਾਵਾਨ ਲੇਖਕ ਪ੍ਰੋ. ਪੂਰਨ ਸਿੰਘ ਤੋਂ ਕਹੀ ਜਾਂਦੀ ਹੈ। ਉਨ੍ਹਾਂ ਨੂੰ ਪੰਜਾਬ ਦਾ ਛੇਵਾਂ ਦਰਿਆ ਵੀ ਕਿਹਾ ਜਾਂਦਾ ਹੈ। ਪ੍ਰੋ. ਪੂਰਨ ਸਿੰਘ ਦੀ ਪ੍ਰਮੁੱਖ ਰਚਨਾ 'ਖੁਲ੍ਹੇ ਲੇਖ' ਤੋਂ ਮੌਲਿਕ ਪੰਜਾਬੀ ਨਿਬੰਧ ਦੀ ਉਤਪਤੀ ਮੰਨੀ ਜਾਂਦੀ ਹੈ। ਪ੍ਰੋ. ਪੂਰਨ ਸਿੰਘ ਤੋਂ ਪਹਿਲਾਂ ਪੰਡਤ ਸ਼ਰਧਾ ਰਾਮ ਫਿਲੌਰੀ, ਪ੍ਰੋ. ਗੁਰਮੁਖ ਸਿੰਘ, ਡਾ. ਚਰਨ ਸਿੰਘ, ਭਾਈ ਵੀਰ ਸਿੰਘ ਅਤੇ ਭਾਈ ਮੋਹਨ ਸਿੰਘ ਵੈਦ ਨੇ ਵੀ ਲੇਖ ਲਿਖੇ ਪਰ ਉਨ੍ਹਾਂ ਦੀਆਂ ਰਚਨਾਵਾਂ ਨੂੰ 'ਲੇਖ ਸੰਗ੍ਰਹਿ' ਹੀ ਮੰਨਿਆ ਜਾਂਦਾ ਹੈ 'ਮੌਲਿਕ ਨਿਬੰਧ' ਨਹੀਂ। ਪੰਜਾਬੀ ਨਿਬੰਧ ਦੇ ਵਿਕਾਸ ਵਿਚ ਪ੍ਰਿੰ. ਤੇਜਾ ਸਿੰਘ, ਗੁਰਬਖ਼ਸ਼ ਸਿੰਘ ਪ੍ਰੀਤਲੜੀ, ਲਾਲ ਸਿੰਘ ਕਮਲਾ ਅਕਾਲੀ, ਪ੍ਰੋ. ਸਾਹਿਬ ਸਿੰਘ ਅਤੇ ਡਾ. ਬਲਬੀਰ ਸਿੰਘ ਆਦਿ ਨਿਬੰਧਕਾਰਾਂ ਦਾ ਬਹੁਤ ਯੋਗਦਾਨ ਰਿਹਾ ਹੈ।

ਪਿਆਰੇ ਸਾਥੀਓ, ਪੰਜਾਬੀ ਸਾਹਿਤ ਦੀ ਵਾਰਤਕ ਵਿਧਾ ਬਾਰੇ ਅਸੀਂ ਵਿਸਥਾਰ ਪੂਰਵਕ ਜਾਣਕਾਰੀ ਹਾਸਲ ਕਰ ਚੁੱਕੇ ਹਾਂ। ਉਪਰੋਕਤ ਜਾਣਕਾਰੀ ਦੇ ਆਧਾਰ ਤੇ ਅਸੀਂ ਵਿਦਿਆਰਥੀਆਂ ਨੂੰ ਲੇਖ ਪੜ੍ਹਨ ਬਾਰੇ ਰੌਚਕ ਅਧਿਆਪਨ ਕਰਨ ਵਿਚ ਸਹਾਈ ਹੋ ਸਕਦੇ ਹਾਂ। ਸਾਡੀ ਨੌਵੀਂ ਦੀ ਪੰਜਾਬੀ ਦੀ ਪਾਠ ਪੁਸਤਕ "ਸਾਹਿਤਕ ਕਿਰਨਾਂ ਭਾਗ-1" ਵਿਚ ਵਾਰਤਕ ਭਾਗ ਵਿਚ ਪੰਜ ਲੇਖਕਾਂ ਦੇ ਅਲੱਗ-ਅਲੱਗ ਪੰਜ ਨਿਬੰਧ ਹਨ। ਜਿਸ ਵਿਚ ਪੰਜਾਬੀ ਦੇ ਪ੍ਰਸਿੱਧ ਖੇਡ ਲੇਖਕ ਪ੍ਰਿੰ. ਸਰਵਣ ਸਿੰਘ ਦਾ ਨਿਬੰਧ 'ਕਬੱਡੀ' ਹੈ। ਖੇਡ ਜਗਤ ਨਾਲ ਸਬੰਧਤ ਵਿਸ਼ੇ ਸੰਬੰਧੀ ਉਨ੍ਹਾਂ ਦੀਆਂ ਅਨੇਕਾਂ ਹੀ ਰਚਨਾਵਾਂ ਮਿਲਦੀਆਂ ਹਨ। ਇਸ ਪਾਠ ਦੀ ਸ਼ੈਲੀ ਵਿਚ ਉਨ੍ਹਾਂ ਨੇ ਬੜੀ ਹੀ ਸਹਿਜ ਤੇ ਸਰਲ ਭਾਸ਼ਾ ਵਿਚ ਪੰਜਾਬੀਆਂ ਦੀ ਮਾਂ-ਖੇਡ ਕਬੱਡੀ ਦੀ ਗੱਲ ਕੀਤੀ ਹੈ। ਆਪਣੀ ਗੱਲ ਦੀ ਪ੍ਰੋੜ੍ਹਤਾ ਕਰਨ ਲਈ ਉਨ੍ਹਾਂ ਨੇ ਇਤਿਹਾਸਕ ਹਵਾਲਿਆਂ ਨੂੰ ਬੜੀ ਹੀ ਤਰਤੀਬ ਨਾਲ ਪੇਸ਼ ਕੀਤਾ ਹੈ। ਸਾਊਥਹਾਲ ਦੇ ਸਟੇਡੀਅਮ ਵਿਚ ਹਜ਼ਾਰਾਂ ਦੀ ਗਿਣਤੀ ਵਿਚ ਕਬੱਡੀ ਦੇਖਣ ਆਏ ਪੰਜਾਬੀਆਂ ਦਾ ਜ਼ਿਕਰ ਕਰਕੇ ਉਨ੍ਹਾਂ ਵਿਚ ਖੇਡ ਦੇ ਹਰਮਨ ਪਿਆਰਾ ਹੋਣ ਦਾ ਸਬੂਤ ਬਾਖ਼ੂਬੀ ਪੇਸ਼ ਕੀਤਾ ਹੈ। ਇਸ ਖੇਡ ਉਤੇ ਵਾਪਰ ਰਹੀ ਤ੍ਰਾਸਦੀ ਲਈ ਉਨ੍ਹਾਂ ਤਰਕ ਭਰਪੂਰ ਜਾਣਕਾਰੀ ਸਾਂਝਾ ਕੀਤੀ ਹੈ ਜੋ ਕਿ ਇਕ ਚੰਗੀ ਵਾਰਤਕ ਦਾ ਜ਼ਰੂਰੀ ਅੰਗ ਹੈ।

ਅਗਲੇ ਵਾਰਤਕ ਪਾਠਕ ਵਿਚ ਅਸੀਂ ਗੁਰਨਾਮ ਸਿੰਘ ਤੀਰ ਦੇ ਨਿਬੰਧ 'ਮਹਾਤਮਾ ਬੁੱਧ ਦੀਆਂ ਸੁਖਮਤਾਈਆਂ' ਨਾਲ ਰੂ-ਬ-ਰੂ ਹੁੰਦੇ ਹਾਂ। ਗੁਰਨਾਮ ਸਿੰਘ ਤੀਰ ਵਿਅੰਗਾਤਮਕ ਨਿਬੰਧਾਂ ਦੇ ਖੇਤਰ ਵਿਚ ਬਹੁਤ ਮਕਬੂਲ ਲੇਖਕ ਹੋਏ ਹਨ। ਵਿਅੰਗ ਲੇਖਣ ਉਨ੍ਹਾਂ ਦੀਆਂ ਕਿਰਤਾਂ ਵਿਚ ਇਕ ਗੁਣ ਦੇ ਰੂਪ ਵਿਚ ਮੌਜੂਦ ਹੁੰਦਾ ਹੈ। ਸਮੱਸਿਆਵਾਂ ਨੂੰ ਵਿਅੰਗਮਈ ਰੂਪ ਵਿਚ ਪੇਸ਼ ਕਰਨਾ, ਇਨ੍ਹਾਂ ਦੀਆਂ ਕਿਰਤਾਂ ਦਾ ਇਕ ਪ੍ਰਮੁੱਖ ਲੱਛਣ

ਹੈ। ਆਪਣੇ ਲੇਖ ਵਿਚ ਗੁਰਨਾਮ ਸਿੰਘ ਤੀਰ ਨੇ ਬੜੇ ਹੀ ਸਹਿਜ ਅਤੇ ਸੂਖਮ ਹਾਸ ਵਿਅੰਗ ਨਾਲ ਜਿੰਦਗੀ ਦੀਆਂ ਵੱਡੀਆਂ-ਵੱਡੀਆਂ ਸੱਚਾਈਆਂ ਨੂੰ ਮਹਾਤਮਾ ਬੁੱਧ ਅਤੇ ਉਸਦੇ ਚੇਲੇ ਦੇ ਵਾਰਤਾਲਾਪ ਰਾਹੀਂ ਸਮਝਾ ਦਿਤਾ। ਇਹ ਵਾਰਤਾਲਾਪ ਲੇਖਕ ਨੇ ਬੜੇ ਹੀ ਤਰਕ ਭਰਪੂਰ ਤਰੀਕੇ ਨਾਲ ਪੇਸ਼ ਕੀਤਾ ਹੈ ਜੋ ਹਾਸ-ਵਿਅੰਗ ਹੋਣ ਦੇ ਨਾਲ-ਨਾਲ ਮਿੱਥਿਆਤਮਕ ਵੀ ਹੈ।

ਅਗਲਾ ਨਿਬੰਧ ਪਿਆਰਾ ਸਿੰਘ ਦਾਤਾ ਦਾ ਹੈ 'ਗੱਪ ਬਾਜ਼'। ਇਨ੍ਹਾਂ ਨੂੰ ਹਾਸ ਵਿਅੰਗ ਦੇ ਬਾਦਸ਼ਾਹ ਕਿਹਾ ਜਾਂਦਾ ਹੈ। ਵਾਰਤਕ ਦਾ ਇਕ ਗੁਣ ਇਹ ਵੀ ਹੁੰਦਾ ਹੈ ਕਿ ਇਹ ਕਿਸੇ ਵੀ ਨੀਰਸ ਵਿਸ਼ੇ ਨੂੰ ਪੇਸ਼ ਕਰਨ ਵੇਲੇ ਇੰਨਾਂ ਰੌਚਕ ਬਣਾ ਦਿੰਦੀ ਹੈ ਕਿ ਪਾਠਕ ਬੜੇ ਹੀ ਸੁਹਜ-ਸੁਆਦ ਨਾਲ ਅੰਤ ਤੱਕ ਬੜੀ ਰੁਚੀ ਨਾਲ ਪਾਠ ਪੜ੍ਹਦਾ ਹੈ। ਇਸ ਰਚਨਾ ਵਿਚ ਵੀ 'ਗੱਪ' ਵਰਗੇ ਨੀਰਸ ਵਿਸ਼ੇ ਦੀ ਪੇਸ਼ਕਾਰੀ ਪਿਆਰਾ ਸਿੰਘ ਦਾਤਾ ਨੇ ਬੜੇ ਹੀ ਰੌਚਕ ਤਰੀਕੇ ਨਾਲ ਕੀਤੀ ਹੈ। ਇਹੋ ਜਿਹੇ ਨੀਰਸ ਵਿਸ਼ੇ ਉਤੇ ਇਤਨੀ ਸੁਹਣੀ ਰਚਨਾ ਲੇਖਕ ਦਾ ਗੁਣ ਹੀ ਹੈ ਜੋ ਅੰਤ ਤਕ ਪਾਠਕ ਨੂੰ ਹਾਸ-ਵਿਅੰਗ ਦੇ ਸੁਆਦ ਨਾਲ ਜੋੜੀ ਰਖਦੀ ਹੈ। ਇਕ ਚੰਗੀ ਵਾਰਤਕ ਦੇ ਗੁਣਾਂ ਉਪਰ ਇਹ ਰਚਨਾ ਪੂਰੀ ਤਰ੍ਹਾਂ ਢੁੱਕਦੀ ਹੈ, ਜਿਸ ਵਿਚ ਸਮਾਜ ਦੀ ਇਕ ਬੁਰਾਈ ਨੂੰ ਹਾਸ ਵਿਅੰਗ ਰਾਹੀਂ ਪੇਸ਼ ਕਰਕੇ ਸੱਚ ਦੀ ਤਾਕਤ ਦੀ ਵੀ ਗੱਲ ਬੜੇ ਸਹਿਜੇ ਕੀਤੀ ਹੈ।

ਸਾਧੂ ਸਿੰਘ ਆਂਚਲ ਦੇ ਜਾਣਕਾਰੀ ਪ੍ਰਧਾਨ ਨਿਬੰਧ 'ਸਵੈ-ਰੱਖਿਆ' ਦੇ ਸਿਰਲੇਖ ਤੋਂ ਹੀ ਇਸ ਵਿਚਲੀ ਸਮਗਰੀ ਦਾ ਅਹਿਸਾਸ ਹੋ ਜਾਂਦਾ ਹੈ। ਪੁਲਿਸ ਦੇ ਇਕ ਉੱਚ ਅਹੁਦੇ ਤੋਂ ਰਿਟਾਇਰ ਅਫ਼ਸਰ ਸਾਧੂ ਸਿੰਘ ਆਂਚਲ ਨੇ ਆਪਣੇ ਅਨੁਭਵ ਅਤੇ ਨੌਕਰੀ ਦੌਰਾਨ ਸਵੈ-ਰੱਖਿਆ ਨਾਲ ਸਬੰਧਿਤ ਕਲਾਵਾਂ ਨੂੰ ਜਾਣਕਾਰੀ ਹਿਤ ਵਾਰਤਕ ਦੇ ਰੂਪ ਵਿਚ ਪੇਸ਼ ਕੀਤਾ ਹੈ। ਬੜੀ ਹੀ ਸੁਖਾਲੀ ਭਾਸ਼ਾ ਵਿਚ ਪੁਰਾਤਨ ਸੁਰੱਖਿਆ ਢੰਗਾਂ ਦੀ ਜਾਣਕਾਰੀ ਦਿੰਦੇ ਹੋਏ ਸਵੈ-ਰੱਖਿਆ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਗਈ ਹੈ। ਸਮੇਂ ਦੀ ਲੋੜ ਨੂੰ ਮੁੱਖ ਰਖਦਿਆਂ ਇਹ ਪਾਠਕ ਦੀ ਰੌਚਕਤਾ ਵਿਚ ਅਧਿਆਪਕ ਹੋਰ ਵੀ ਵਾਧਾ ਕਰ ਸਕਦੇ ਹਨ।

ਹਰਕੇਸ਼ ਸਿੰਘ ਕਹਿਲ ਆਪਣੇ ਜਾਣੇ-ਪਛਾਣੇ ਅੰਦਾਜ਼ ਵਿਚ 'ਪੰਜਾਬੀ ਵਿਰਸਾ' ਨਿਬੰਧ ਸਾਡੀ ਇਸ ਪੁਸਤਕ ਵਿਚ ਪੇਸ਼ ਕਰਦੇ ਹਨ। ਜਾਣਕਾਰੀ ਭਰਪੂਰ ਇਸ ਲੇਖ ਵਿਚ ਉਹ ਪੰਜਾਬੀ ਵਿਰਸੇ ਨਾਲ ਸੰਬੰਧਤ ਚੀਜ਼ਾਂ ਨਾਲ ਰੂ-ਬ-ਰੂ ਕਰਵਾਇਆ ਹੈ। ਸਮੇਂ ਦੇ ਵਕਫ਼ੇ ਨਾਲ ਆਏ ਪਰਿਵਰਤਨ ਦੀ ਗੱਲ ਉਨ੍ਹਾਂ ਇਸ ਵਿਚ ਕੀਤੀ ਹੈ। ਆਪਣੀ ਗੱਲ ਨੂੰ ਉਨ੍ਹਾਂ ਨੇ ਇਤਿਹਾਸਕ ਹਵਾਲੇ ਦੇ ਕੇ ਸਮਝਾਇਆ ਹੈ। ਉਨ੍ਹਾਂ ਦੇ ਨਿਬੰਧ ਵਿਚ ਜੋ ਜਾਣਕਾਰੀ ਦਿੱਤੀ ਗਈ ਹੈ ਉਹ ਵਾਰਤਕ ਦੀ ਪਰਿਭਾਸ਼ਾ ਦੇ ਅਨੁਸਾਰ ਤਰਕਪੂਰਨ ਗੁਣ ਦਾ ਪਾਲਨ ਕਰਦੀ ਹੈ। ਜਿਸ ਤਰ੍ਹਾਂ ਜੰਡ ਦੀ ਗੱਲ ਕਰਦੇ ਹੋਏ ਇਤਿਹਾਸਕ ਹਵਾਲਿਆਂ ਵਿਚੋਂ ਤੱਥ ਲੈ ਕੇ ਇਨ੍ਹਾਂ ਰੁੱਖਾਂ ਦੀ ਭਰਮਾਰ ਦੀ ਗੱਲ ਕਰਨੀ।

ਇਸ ਤਰ੍ਹਾਂ ਅਸੀਂ ਦੇਖਦੇ ਹਾਂ ਕਿ ਨੌਵੀਂ ਜਮਾਤ ਦੀ ਪਾਠ-ਪੁਸਤਕ ਵਿਚ ਵਾਰਤਕ ਦੀ 'ਨਿਬੰਧ' ਵੰਨਗੀ ਨੂੰ ਹੀ ਸਥਾਨ ਦਿਤਾ ਹੈ। ਅਧਿਆਪਕ ਸਾਹਿਬਾਨ ਵਾਰਤਕ ਦੀਆਂ ਹੋਰਨਾਂ ਵੰਨਗੀਆਂ ਦਾ ਵੀ ਥੋੜਾ-ਥੋੜਾ ਜ਼ਿਕਰ ਕਰਕੇ ਵਿਦਿਆਰਥੀਆਂ ਦੀ ਜਾਣਕਾਰੀ ਵਿਚ ਵਾਧਾ ਕਰ ਸਕਦੇ ਹਨ।

ਇਸੇ ਤਰ੍ਹਾਂ ਜਮਾਤ ਦਸਵੀਂ ਦੇ ਵਾਰਤਕ ਭਾਗ ਦੇ ਪਹਿਲੇ ਪਾਠ ਬਾਰੇ ਜੇ ਗੱਲ ਕਰੀਏ ਤਾਂ ਇਸ ਵਿਚ ਪੰਜਾਬੀਆਂ ਦੇ ਸਭ ਤੋਂ ਮੂਹਰੇ ਰਹਿਣ ਦੇ ਸੁਭਾਅ ਦੀ ਗੱਲ ਤਾਂ ਕੀਤੀ ਹੀ ਹੈ, ਵੱਖੋ ਵੱਖਰੇ ਖੇਤਰਾਂ ਵਿਚ ਬੇਲੋੜਾ ਅੱਗੇ ਰਹਿਣ ਨੂੰ ਲੇਖਕ ਨੇ ਬੜੇ ਹੀ ਵਿਅੰਗਮਈ ਤਰੀਕੇ ਨਾਲ ਪੇਸ਼ ਕੀਤਾ ਹੈ। ਇੱਥੇ ਗਰਗ ਨੇ ਖੇਤੀ ਦੀਆਂ ਕਾਸ਼ਤਾਂ ਵਿਚ ਰਿਕਾਰਡ ਤੋੜਨ ਦੀ ਗੱਲ ਕਰਦੇ ਹੋਏ ਇਨ੍ਹਾਂ ਕਾਸ਼ਤਾਂ ਦੀ ਬੇਕਦਰੀ ਦੀ ਗੱਲ

ਬੜੇ ਹੀ ਪ੍ਰਭਾਵਸ਼ਾਲੀ ਵਿਅੰਗ ਦੇ ਰੂਪ ਵਿਚ ਕੀਤੀ ਹੈ ਨਾਲ ਹੀ ਸਮਾਜਕ ਕੁਰੀਤੀਆਂ ਨੂੰ ਵਿਅੰਗ ਦੇ ਤੌਰ ਤੇ ਪੇਸ਼ ਕਰਕੇ ਸਮਾਜ ਨੂੰ ਸੁਚੇਤ ਕਰਨ ਦੀ ਗੱਲ ਵਾਰਤਕ ਦੇ ਨੇਮਾਂ ਨੂੰ ਬਾਖੂਬੀ ਨਿਭਾਉਂਦੇ ਹੋਏ ਪੇਸ਼ ਕੀਤੀ ਹੈ।

ਪੁਸਤਕ ਦੇ ਦੂਜੇ ਲੇਖ ਵਿਚ ਵਾਰਤਕਕਾਰ ਰਜਿੰਦਰ ਸਿੰਘ ਚਾਹ ਤੋਂ ਗੱਲ ਸ਼ੁਰੂ ਕਰਕੇ ਮਨੁੱਖੀ ਜੀਵਨ ਵਿਚ ਸਿਹਤ ਭਰੇ ਜੀਵਨ ਦੀ ਮਹੱਤਤਾ ਦਸਦਾ ਹੈ। ਆਪਣੀ ਗੱਲ ਦੀ ਪ੍ਰੋੜ੍ਹਤਾ ਲਈ ਲੇਖਕ ਨੇ ਕਈ ਤਰਕ ਦਿੱਤੇ ਹਨ। ਇਕ ਚੰਗੀ ਵਾਰਤਕ ਉਹੀ ਹੁੰਦੀ ਹੈ ਜਿਸ ਵਿਚ ਗੱਲ ਨੂੰ ਸਮਝਾਉਣ ਲਈ ਤਰਕਾਂ ਦੀ ਕਸੌਟੀ ਉਤੇ ਪਰਖਿਆ ਹੋਵੇ। ਪੱਛਮੀ ਦੇਸ਼ਾਂ ਅਤੇ ਸਾਡੇ ਗਰਮ ਵਾਤਾਵਰਨ ਵਾਲੇ ਦੇਸ਼ ਵਿਚ ਚਾਹ ਦੀ ਲੋੜ ਦਾ ਲੇਖਕ ਨੇ ਬਾਖੂਬੀ ਵਰਨਣ ਕੀਤਾ ਹੈ। ਸਵੇਰ ਦੀ ਸੈਰ ਅਤੇ ਜਾਗਣ ਸੌਣ ਦੇ ਗੁਣਾਂ ਦੀ ਪੇਸ਼ਕਾਰੀ ਬੜੇ ਤਰਕਪੂਰਨ ਤਰੀਕੇ ਨਾਲ ਨਿਭਾਈ ਹੈ।

ਵਾਰਤਕ ਦੇ ਅਗਲੇ ਲੇਖ ਵਿਚ ਹਰਸ਼ਿੰਦਰ ਕੌਰ ਨੇ 'ਹਉਮੈ' ਨੂੰ ਅਧਾਰ ਬਣਾ ਕੇ 'ਹਉਮੇ ਰੋਗ' ਦੀ ਪੇਸ਼ਕਾਰੀ ਕੀਤੀ ਹੈ। ਕਿਸੇ ਦੀ ਸ਼ਖਸੀਅਤ ਵਿਚ ਹਉਮੇ ਕਾਰਨ ਆਏ ਪਰਿਵਰਤਨ ਦੀ ਗੱਲ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਹਉਮੈ ਨੂੰ ਵਸ ਵਿਚ ਕੀਤੇ ਵਿਅਕਤੀਆਂ ਦੀ ਆਤਮਿਕ ਸ਼ਾਂਤੀ ਦਾ ਅਹਿਸਾਸ ਆਪਣੀ ਪੇਸ਼ਕਾਰੀ ਰਾਹੀਂ ਪਾਠਕ ਨੂੰ ਸਮਝਾਉਣ ਦੀ ਕੋਸ਼ਿਸ਼ ਕੀਤੀ ਹੈ। ਹੰਕਾਰੀ ਵਿਅਕਤੀ ਦੇ ਲੱਛਣ ਵੱਖ-ਵੱਖ ਤਰਕਾਂ ਰਾਹੀਂ ਸਮਝਾਉਂਦੇ ਹਨ। ਇਨ੍ਹਾਂ ਵਿਅਕਤੀਆਂ ਤੋਂ ਬਚਣ ਲਈ ਸੁਝਾਅ ਵੀ ਪੇਸ਼ ਕੀਤੇ ਹਨ। ਇਕ ਜ਼ਖਮੀ ਬੱਚੇ ਦੀ ਦਰਦਨਾਕ ਕਹਾਣੀ ਨੂੰ ਹੰਕਾਰ ਦਾ ਪਰਦਾ ਫਾਸ਼ ਕਰਨ ਲਈ ਵਰਤ ਕੇ ਉਨ੍ਹਾਂ ਆਪਣੀ ਵਾਰਤਕ ਨੂੰ ਹੋਰ ਪ੍ਰਭਾਵਸ਼ਾਲੀ ਬਣਾ ਦਿਤਾ ਹੈ।

ਇਸੇ ਤਰ੍ਹਾਂ ਡਾ. ਦੇਵਿਦਰ ਸੈਫ਼ੀ ਦੇ ਲੇਖ ਕਲਾਤਮਕ ਰੁਚੀਆਂ ਅਤੇ ਤਜਿੰਦਰ ਕੌਰ ਦੇ ਲੇਖ ਪੰਜਾਬੀ ਲੋਕ ਗੀਤ ਵਾਰਤਕ ਦੀ ਪਰਿਭਾਸ਼ਾ ਉਤੇ ਪਰਖ ਕੇ ਦੇਖੀਏ ਤਾਂ ਇਹ ਲੋਕਾਂ ਦੀਆਂ ਰੁਚੀਆਂ ਅਤੇ ਲੋਕ ਗੀਤਾਂ ਦੀ ਵਡਮੁੱਲੀ ਵਿਰਾਸਤ ਦਾ ਗਿਆਨ ਸਾਨੂੰ ਕਰਵਾਉਂਦੇ ਹਨ।

ਸੋ, ਪਿਆਰੇ ਸਾਥੀਓ ਇਸ ਤਰ੍ਹਾਂ ਪਹਿਲਾਂ ਵੀ ਜ਼ਿਕਰ ਕੀਤਾ ਜਾ ਚੁੱਕਾ ਹੈ ਕਿ ਵਾਰਤਕ ਸਾਹਿਤ ਦੀ ਉਹ ਵਿਧਾ ਹੈ ਜਿਸ ਵਿਚ ਵਾਰਤਕਕਾਰ ਤਰਕਾਂ ਰਾਹੀਂ ਪਾਠਕ ਸਾਹਮਣੇ ਆਪਣੀ ਗੱਲ ਰਖਦਾ ਹੈ। ਇਨ੍ਹਾਂ ਵਿਚਲੇ ਤਰਕਾਂ ਨੂੰ ਸਮਝਾ ਕੇ ਅਸੀਂ ਵਾਰਤਕ ਦੇ ਅਧਿਆਪਨ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਵਿਦਿਆਰਥੀਆਂ ਤਕ ਪਹੁੰਚਾ ਸਕਦੇ ਹਾਂ।

# ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਨ ਲਈ ਉਤਸਾਹਤ ਕਰਨਾ ਅਤੇ ਪੰਜਾਬੀ ਵਿਚ ਰੁਜ਼ਗਾਰ ਦੀਆਂ ਸੰਭਾਵਨਾਵਾਂ

**ਸੁਰਿੰਦਰਪਾਲ ਸਿੰਘ**

ਪੰਜਾਬੀ ਵਿਸ਼ਾ ਲੈਣ ਵਾਲਿਆਂ ਦੀ ਗਿਣਤੀ ਸਾਡੇ ਸਕੂਲਾਂ ਵਿਚ ਘੱਟ ਹੁੰਦੀ ਹੈ। ਆਮ ਤੌਰ ਤੇ ਦੇਖਿਆ ਜਾਂਦਾ ਹੈ ਕਿ ਸਾਡੇ ਵਿਚੋਂ ਕਈ ਅਧਿਆਪਕ ਸਾਥੀਆਂ ਨੂੰ ਕਾਫ਼ੀ ਜੱਦੋ-ਜਹਿਦ ਕਰਕੇ ਆਪਣੇ ਆਪਣੇ ਸਕੂਲਾਂ 'ਚ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਦੇ ਸੈਕਸ਼ਨ ਬਣਾਉਂਦੇ ਪੈਂਦੇ ਹਨ। ਇਹ ਵੀ ਦੇਖਿਆ ਗਿਆ ਹੈ ਕਿ ਇਕ ਵਾਰੀ ਪੰਜਾਬੀ ਵਿਸ਼ਾ ਲੈ ਚੁੱਕੇ ਵਿਦਿਆਰਥੀ ਅਗਲੀ ਜਮਾਤ ਤਕ ਜਾਂਦੇ-ਜਾਂਦੇ ਪੰਜਾਬੀ ਵਿਸ਼ਾ ਛੱਡ ਜਾਂਦੇ ਹਨ। ਇਹ ਸਥਿਤੀ ਕਿਸੇ ਵੀ ਅਧਿਆਪਕ ਲਈ ਅਣਸੁਖਾਵੀਂ ਹੁੰਦੀ ਹੈ।

ਆਓ ! ਜਾਣੀਏ ਕਿ ਪੰਜਾਬੀ ਪੜ੍ਹਨ ਵਾਲੇ ਵਿਦਿਆਰਥੀਆਂ ਨੂੰ ਪੰਜਾਬੀ ਵਿਸ਼ੇ ਨਾਲ ਜੋੜਨ ਲਈ ਕਿਵੇਂ ਉਤਸਾਹਤ ਕੀਤਾ ਜਾਵੇ। ਹਰ ਇਕ ਸਕੂਲ ਵਿਚ ਥਾਂ-ਥਾਂ ਤੇ ਐਸੇ ਬੋਰਡ ਲਗੇ ਹੁੰਦੇ ਹਨ ਜਿਨ੍ਹਾਂ ਉਤੇ ਵਿਦਿਆਰਥੀਆਂ ਨੇ ਰੰਗ-ਬਰੰਗੇ ਚਾਰਟਾਂ ਆਦਿ ਨਾਲ ਕੋਈ ਨਾ ਕੋਈ ਸੰਦੇਸ਼, ਫੋਟੋ, ਨਾਅਰਾ ਆਦਿ ਲਿਖਿਆ ਹੁੰਦਾ ਹੈ। ਪੰਜਾਬੀ ਅਧਿਆਪਕ ਨੂੰ ਇਸ ਵਿਚ ਵੱਧ ਤੋਂ ਵੱਧ ਹਿੱਸੇਦਾਰੀ ਨਿਭਾ ਕੇ ਪੰਜਾਬੀ ਵਿਰਸੇ ਨਾਲ ਸਬੰਧਤ ਵਸਤਾਂ ਦੇ ਚਾਰਟਾਂ ਰਾਹੀਂ ਇਨ੍ਹਾਂ ਬੋਰਡਾਂ ਨੂੰ ਸਜਾਉਣ ਦੀ ਜਿੰਮੇਵਾਰੀ ਮੂਹਰੇ ਹੋ ਕੇ ਨਿਭਾਉਣੀ ਚਾਹੀਦੀ ਹੈ। ਇਨ੍ਹਾਂ ਚਾਰਟਾਂ ਨੂੰ ਦੇਖ ਕੇ ਵਿਦਿਆਰਥੀਆਂ ਦੇ ਮਨਾਂ ਵਿਚ ਪੰਜਾਬੀ ਵਿਸ਼ੇ ਨੂੰ ਹੋਰ ਜਾਨਣ ਬਾਰੇ ਰੁਝਾਨ ਵਧੇਗਾ ਤੇ ਸਹਿਜ-ਸੁਭਾਏ ਹੀ ਉਹ ਪੰਜਾਬੀ ਵਿਸ਼ੇ ਨਾਲ ਜੁੜ ਜਾਏਗਾ।

ਹੁਣ ਗੱਲ ਜਮਾਤ ਦੀ ਕਰੀਏ, ਅਧਿਆਪਕ ਨੂੰ ਚਾਹੀਦਾ ਹੈ ਕਿ ਜਿਸ ਪਾਠ ਨੂੰ ਉਹ ਪੜ੍ਹਾਉਣ ਜਾ ਰਿਹਾ ਹੈ ਉਸ ਦੇ ਲੇਖਕ ਜਾਂ ਕਵੀ ਬਾਰੇ ਉਹ ਪੂਰੀ ਜਾਣਕਾਰੀ ਰੱਖਦਾ ਹੋਵੇ। ਪਾਠ ਨੂੰ ਸ਼ੁਰੂ ਕਰਨ ਤੋਂ ਪਹਿਲਾਂ ਉਹ ਲੇਖਕ ਦੀਆਂ ਹੋਰ ਕਿਰਤਾਂ ਬਾਰੇ ਸੰਖੇਪ ਰੂਪ ਵਿਚ ਚਰਚਾ ਕਰੇ। ਕੁਝ ਕਵਿਤਾਵਾਂ, ਕਵੀ ਦੇ ਵੱਡੇ ਕਾਵਿ-ਸੰਗ੍ਰਹਿ ਵਿਚੋਂ ਇਕ ਹਿੱਸੇ ਦੇ ਰੂਪ ਵਿਚ ਲਈਆਂ ਹੁੰਦੀਆਂ ਹਨ। ਵਿਦਿਆਰਥੀ ਨੂੰ ਉਸ ਹਿੱਸੇ ਦਾ ਪਾਠ ਆਦਿ ਅਤੇ ਅੰਤ ਪਤਾ ਨਾ ਹੋਣ ਕਰਕੇ ਨੀਰਸ ਲਗਦਾ ਹੈ। ਅਧਿਆਪਕ ਨੂੰ ਚਾਹੀਦਾ ਹੈ ਕਿ ਉਸ ਕਾਵਿ ਸੰਗ੍ਰਹਿ ਦੀ ਪੂਰੀ ਜਾਣਕਾਰੀ ਰਖਦਾ ਹੋਵੇ ਅਤੇ ਜਮਾਤ ਵਿਚ ਬਾਕਾਇਦਾ ਸੰਖੇਪ ਰੂਪ ਵਿਚ ਵਿਦਿਆਰਥੀਆਂ ਵਿਚ ਚਰਚਾ ਕਰੇ, ਜਿਸ ਨਾਲ ਉਸ ਕਾਵਿ-ਟੋਟੇ ਜਾਂ ਕਵਿਤਾ ਨਾਲ ਵਿਦਿਆਰਥੀਆਂ ਦਾ ਉਤਸਾਹ ਬਣਿਆ ਰਹੇ।

ਅੱਜ ਦਾ ਯੁੱਗ ਸੂਚਨਾ ਕ੍ਰਾਂਤੀ ਦਾ ਯੁੱਗ ਹੈ। ਸਾਡੀ ਉਂਗਲ ਦੀ ਇਕ ਛੂਹ ਜਾਂ ਇਕ ਬੋਲ ਨਾਲ ਅਸੀਂ ਕਿਸੇ ਵੀ ਸ਼ੈਅ ਬਾਰੇ ਭਰਪੂਰ ਜਾਣਕਾਰੀ ਹਾਸਲ ਕਰ ਸਕਦੇ ਹਾਂ। ਵਿਦਿਆਰਥੀਆਂ ਵਿਚ ਪੜ੍ਹਾਏ ਜਾਣ ਵਾਲੇ ਪਾਠਾਂ ਵਿਚ ਆਉਣ ਵਾਲੀਆਂ ਪੇਂਡੂ ਚੀਜ਼ਾਂ ਜਿਸ ਦੀ ਜਾਣਕਾਰੀ ਅਜੋਕੀ ਪੀੜ੍ਹੀ ਨੂੰ ਨਹੀਂ ਹੈ, ਉਨ੍ਹਾਂ ਨੂੰ

ਅਧਿਆਪਕ ਮੋਬਾਇਲ, ਟੈਬ, ਲੈਪਟਾਪ ਆਦਿ ਦੀ ਵਰਤੋਂ ਕਰਕੇ ਵਿਦਿਆਰਥੀਆਂ ਦੇ ਰੂ-ਬ-ਰੂ ਕਰੇ ਤਾਂ ਸਹਿਜੇ ਹੀ ਵਿਦਿਆਰਥੀ ਬੜੇ ਉਤਸਾਹਤ ਹੋਣਗੇ ਅਤੇ ਇਨ੍ਹਾਂ ਚੀਜ਼ਾਂ ਦੀ ਹੋਰ ਜਾਣਕਾਰੀ ਲੈਣੀ ਚਾਹੁੰਣਗੇ।

ਪਾਠ ਵਿਚ ਆਈਆਂ ਹੋਰ ਵਸਤਾਂ ਆਦਿ ਜਾਂ ਸ਼ਬਦਾਵਲੀ ਬਾਰੇ ਵੀ ਆਪਣੇ ਤੌਰ ਤੇ ਵਿਦਿਆਰਥੀ ਸੂਚਨਾ ਤਕਨੀਕ ਰਾਹੀਂ ਜਾਣਕਾਰੀ ਹਾਸਲ ਕਰਕੇ ਲਿਆਉਣ ਲਈ ਪ੍ਰੇਰਤ ਕੀਤੇ ਜਾਣ ਨਾਲ ਵਿਸ਼ੇ ਪ੍ਰਤੀ ਉਤਸਾਹਤ ਕਰਨ ਲਈ ਇਕ ਚੰਗਾ ਕਦਮ ਹੈ।

ਸਿਖਿਆ ਦੀਆਂ ਨਵੀਆਂ ਨੀਤੀਆਂ ਅਨੁਸਾਰ ਅੱਜ ਪੜ੍ਹਨ ਪੜ੍ਹਾਉਣ ਦੇ ਤਰੀਕੇ ਵਿਚ ਤਬਦੀਲੀ ਆ ਰਹੀ ਹੈ। ਇਕ ਅਧਿਆਪਕ ਖੇਡ-ਖੇਡ ਵਿਚ ਨਵੀਂ ਸ਼ਬਦਾਵਲੀ ਵਿਦਿਆਰਥੀਆਂ ਨੂੰ ਸਿਖ ਸਕਦਾ ਹੈ। ਇਸ ਲਈ ਉਹ "Cross Word" ਖੇਡ ਦੀ ਤਕਨੀਕ ਰਾਹੀਂ ਵਿਦਿਆਰਥੀਆਂ ਦੀਆਂ ਜੋਟੀਆਂ ਬਣਾ ਕੇ ਉਨ੍ਹਾਂ ਵਿਚ ਰੁਚੀ ਪੈਦਾ ਕਰਕੇ ਆਪਣੇ ਵਿਸ਼ੇ ਨੂੰ ਰੌਚਕ ਬਣਾ ਸਕਦਾ ਹੈ। ਅੱਖਰਾਂ ਦੀ 'ਅੰਤਾਕਸ਼ਰੀ' ਇਕ ਹੋਰ ਖੇਡ ਹੈ, ਜੋ ਕਿ ਜਮਾਤ ਵਿਚ ਵਿਦਿਆਰਥੀਆਂ ਨੂੰ ਖਿਡਾਈ ਜਾਵੇ ਤਾਂ ਬੱਚੇ ਬੜੇ ਉਤਸ਼ਾਹ ਨਾਲ ਇਸ ਖੇਡ ਵਿਚ ਹਿੱਸਾ ਲੈਂਦੇ ਹਨ। ਜਮਾਤ ਵਿਚ ਛੋਟਾ ਜਿਹਾ ਕਵੀ-ਦਰਬਾਰ ਕਰਵਾਇਆ ਜਾ ਸਕਦਾ ਹੈ।

'ਪੋਸਟ ਕਾਰਡ' (ਚਿੱਠੀ) ਨੂੰ ਡਾਕ ਰਾਹੀਂ ਭੇਜਣਾ ਅਤੇ ਪ੍ਰਾਪਤ ਕਰਨਾ ਇਕ ਬਹੁਤ ਹੀ ਰੋਚਕ ਗਤੀਵਿਧੀ ਹੈ। ਸਭ ਵਿਦਿਆਰਥੀਆਂ ਨੂੰ ਪੋਸਟ ਕਾਰਡ ਜਾਂ ਹੋਰ ਡਾਕ ਦੇ ਲਿਫਾਫੇ ਤੇ ਆਪਣਾ ਸਿਰਨਾਵਾਂ ਪੰਜਾਬੀ ਵਿਚ ਲਿਖ ਕੇ ਲਿਆਉਣ ਨੂੰ ਕਿਹਾ ਜਾਵੇ ਅਤੇ ਇਸ ਚਿੱਠੀ ਦੇ ਮਜ਼ਮੂਨ ਵਜੋਂ ਵਿਦਿਆਰਥੀ ਨੂੰ ਕੋਈ ਕਵਿਤਾ, ਕਹਾਣੀ ਜਾਂ ਸਲੇਬਸ ਅਨੁਸਾਰ ਲਿਖ ਕੇ ਇਸ ਚਿੱਠੀ ਨੂੰ ਪੋਸਟ ਕਰਵਾਇਆ ਜਾਵੇ ਤੇ ਜਿਸ-ਜਿਸ ਨੂੰ ਘਰ ਵਿਚ ਇਹ ਚਿੱਠੀ ਪ੍ਰਾਪਤ ਹੋਵੇਗੀ ਉਹ ਬੜੇ ਉਤਸ਼ਾਹ ਨਾਲ ਆਪਣੀ ਜਮਾਤ ਵਿਚ ਇਸਨੂੰ ਦਿਖਾਏਗਾ।

ਸੋ, ਇਸ ਤਰ੍ਹਾਂ ਅਨੇਕਾਂ ਹੀ ਐਸੀਆਂ ਗਤੀਵਿਧੀਆਂ ਹਨ ਜਿਨ੍ਹਾਂ ਦੀ ਵਰਤੋਂ ਕਰਕੇ ਇਕ ਅਧਿਆਪਕ ਵਿਦਿਆਰਥੀਆਂ ਵਿਚ ਪੰਜਾਬੀ ਵਿਸ਼ੇ ਪ੍ਰਤੀ ਰੁਚੀ/ਉਤਸਾਹ ਪੈਦਾ ਕਰ ਸਕਦਾ ਹੈ।

ਅਸੀਂ ਹੁਣ ਗੱਲ ਕਰੀਏ ਕਿ ਰੁਜ਼ਗਾਰ ਹਾਸਲ ਕਰਨ 'ਚ ਪੰਜਾਬੀ ਭਾਸ਼ਾ ਦਾ ਯੋਗਦਾਨ ਕੀ ਹੋ ਸਕਦਾ ਹੈ। ਦਸਵੀਂ ਜਮਾਤ ਦੇ ਨਤੀਜਿਆਂ ਤੋਂ ਬਾਅਦ ਵਿਦਿਆਰਥੀਆਂ ਸਾਮ੍ਹਣੇ ਗੱਲ ਆਉਂਦੀ ਹੈ ਕਿ ਅਗਲੀ ਜਮਾਤ ਵਿਚ ਕਿਹੜੇ ਵਿਸ਼ੇ ਲਏ ਜਾਣ ਜਿਨ੍ਹਾਂ ਨਾਲ ਉਨ੍ਹਾਂ ਦਾ ਆਉਣ ਵਾਲਾ ਭਵਿੱਖ ਚੰਗਾ ਸੰਵਰ ਸਕੇ। ਸਾਨੂੰ ਅੰਕਾਂ ਦੀ ਦੌੜ ਵਿਚ ਆਪਣਾ ਭਵਿੱਖ ਤਲਾਸ਼ਦੇ ਕੁੜੀਆਂ-ਮੁੰਡਿਆਂ ਦੀ ਭੀੜ ਨਜ਼ਰ ਆਉਂਦੀ ਹੈ। ਹਰ ਕੋਈ ਆਪਣਾ ਭਵਿੱਖ ਚੰਗੇ ਤੋਂ ਚੰਗੇ ਢੰਗ ਨਾਲ ਉਨ੍ਹਾਂ ਵਿਸ਼ਿਆਂ ਨੂੰ ਲੈ ਕੇ ਬਣਾਉਣਾ ਚਾਹੁੰਦਾ ਹੈ, ਜਿਸ ਵਿਚ ਉਹ ਸਮਝਦਾ ਹੈ ਕਿ ਅਗੇ ਜਾਕੇ ਚੰਗੇ ਕਾਲਜ ਅਤੇ ਯੂਨੀਵਰਸਿਟੀ ਵਿਚ ਦਾਖ਼ਲਾ ਲੈ ਕੇ ਉਸ ਨੂੰ ਆਪਣੀ ਜ਼ਿੰਦਗੀ ਬਣਾਉਣ ਵਿਚ ਸੌਖ ਹੋਵੇ, ਪਰ ਗੱਲ ਜਦੋਂ ਪੰਜਾਬੀ ਭਾਸ਼ਾ ਵਿਚ ਭਵਿੱਖ ਬਣਾਉਣ ਦੀ ਆਉਂਦੀ ਹੈ ਤਾਂ ਉਸ ਨੂੰ ਆਪਣੇ ਹੱਥ ਖਾਲੀ ਹੀ ਰਹਿ ਗਏ ਨਜ਼ਰ ਆਉਂਦੇ ਹਨ।

ਦੇਸ ਦੇ ਉੱਤਰੀ ਸੂਬਿਆਂ ਵਿਚ ਲਗਪਗ ਸੀਨੀਅਰ ਸੈਕੰਡਰੀ ਦੀਆਂ ਜਮਾਤਾਂ ਵਿਚ ਵਿਦਿਆਰਥੀਆਂ ਨੂੰ ਪੰਜਾਬੀ ਪੜ੍ਹਨ ਦੀ ਸਹੂਲਤ ਦਿਤੀ ਹੈ। ਇਥੋਂ ਤਕ ਕਿ ਸੀ.ਬੀ.ਐੱਸ.ਈ. ਵਰਗੀ ਕੇਂਦਰੀ ਸੰਸਥਾ ਜਾਂ ਫਿਰ ਰਾਸ਼ਟਰੀ ਮੁਕਤ ਸਕੂਲੀ ਸਿੱਖਿਆ ਸੰਸਥਾ (ਐੱਨ.ਆਈ.ਓ.ਐੱਸ.) ਵਲੋਂ ਵੀ ਪੰਜਾਬੀ ਭਾਸ਼ਾ ਨੂੰ ਇਕ ਵਿਸ਼ੇ ਦੇ ਰੂਪ ਵਿਚ ਪੜ੍ਹਨ ਦੀ ਸਹੂਲਤ ਦਿਤੀ ਹੋਈ ਹੈ। ਗਿਆਰਵੀਂ ਜਮਾਤ ਵਿਚ ਵਿਦਿਆਰਥੀ ਇਹ ਗੱਲ ਜ਼ਰੂਰ ਸੋਚਦਾ ਹੈ ਕਿ ਜਾਂ ਇਸ ਤਰ੍ਹਾਂ ਕਹਿ ਲਈਏ ਕਿ ਉਸਦੇ ਮਨ ਵਿਚ ਸਵਾਲ ਪੈਦਾ ਹੁੰਦਾ ਹੈ-'ਕੀ ਮੈਂ ਪੰਜਾਬੀ ਭਾਸ਼ਾ ਰਾਹੀਂ ਰੁਜ਼ਗਾਰ ਹਾਸਲ ਕਰ ਸਕਾਂਗਾ ?' ਪਰ ਅਸੀਂ ਦਾਅਵੇ ਨਾਲ ਕਹਿ ਸਕਦੇ ਹਾਂ ਕਿ ਜੇ ਵਿਦਿਆਰਥੀ

ਪੰਜਾਬੀ ਵਿਸ਼ਾ ਲਵੇਗਾ ਤਾਂ ਅੱਗੇ ਚਲ ਕੇ ਇਸ ਵਿਸ਼ੇ ਦੇ ਅਧਾਰ 'ਤੇ ਉਹ ਰੁਜ਼ਗਾਰ ਪ੍ਰਾਪਤ ਕਰ ਸਕਦਾ ਹੈ। ਜ਼ਰੂਰਤ ਹੈ ਕੇਵਲ ਉਸਨੂੰ ਸਮਝਾਉਣ ਦੀ। ਜੇਕਰ ਇਕ ਵਿਦਿਆਰਥੀ ਉੱਚ ਪੱਧਰ ਤਕ ਪੰਜਾਬੀ ਵਿਸ਼ੇ ਨੂੰ ਲੈ ਕੇ ਚੱਲੇਗਾ ਤਾਂ ਉਸਦੇ ਸਾਹਮਣੇ ਰੁਜ਼ਗਾਰ ਦੇ ਸੈਂਕੜੇ ਮੌਕੇ ਖੁਲ੍ਹਦੇ ਜਾਣਗੇ।

ਵਿਦਿਆਰਥੀਆਂ ਵਲੋਂ ਪੰਜਾਬੀ ਭਾਸ਼ਾ ਦੇ ਅਧਾਰ ਤੇ ਜਿਹੜੇ ਕਿੱਤੇ ਹਾਸਲ ਕੀਤੇ ਜਾ ਸਕਦੇ ਹਨ ਉਹ ਇਸ ਪ੍ਰਕਾਰ ਹਨ :- ਅਨੁਵਾਦ, ਦੁਭਾਸ਼ੀਆ, ਐਂਕਰਿੰਗ, ਸੰਪਾਦਨਾ, ਟਾਈਪਿੰਗ, ਸਟੈਨੋਗ੍ਰਾਫਰ, ਸਕ੍ਰਿਪਟ ਰਾਈਟਿੰਗ, ਸਕੂਲੀ ਅਧਿਆਪਨ, ਕਾਲਜੀ ਅਧਿਆਪਨ ਆਦਿ। ਭਾਰਤ ਦੇ ਇਕ ਅਤਿ ਉੱਚੇ ਅਹੁਦੇ ਆਈ. ਏ.ਐੱਸ. ਤਕ ਪੁੱਜਣ ਲਈ ਸਿਵਲ ਸਰਵਿਸ ਵਿਚ ਪੰਜਾਬੀ ਨੂੰ ਇਕ ਵਿਸ਼ੇ ਵਜੋਂ ਲੈ ਕੇ ਪੇਪਰ ਦੇਣ ਦੀ ਸਹੂਲਤ ਵੀ ਦਿੱਤੀ ਗਈ ਹੈ। ਬਹੁਤ ਸਾਰੇ ਵਿਦਿਆਰਥੀਆਂ ਨੂੰ ਇਸ ਗੱਲ ਦਾ ਸ਼ਾਇਦ ਪਤਾ ਨਾ ਹੋਵੇ ਕਿ ਸਿਵਲ ਸਰਵਿਸ ਦੀ ਪਰੀਖਿਆ ਪੰਜਾਬੀ ਮਾਧਿਅਮ ਰਾਹੀਂ ਵੀ ਦਿਤੀ ਜਾ ਸਕਦੀ ਹੈ ਅਤੇ ਪੰਜਾਬੀ ਨੂੰ ਮਾਧਿਅਮ ਬਣਾ ਕੇ ਪਿਛਲੇ ਕਈ ਸਾਲਾਂ ਵਿਚ ਕਈ ਵਿਦਿਆਰਥੀ ਇਹ ਪ੍ਰੀਖਿਆ ਪਾਸ ਕਰਕੇ ਦੇਸ਼ ਦੇ ਉੱਚੇ ਅਹੁਦਿਆਂ ਤੇ ਪੁੱਜ ਚੁੱਕੇ ਹਨ।

ਅੱਜ ਸਾਡੇ ਕੋਲ ਪੰਜਾਬੀ ਚੈਨਲਾਂ ਦੀ ਭਰਮਾਰ ਹੈ, ਇਨ੍ਹਾਂ ਚੈਨਲਾਂ ਵਿਚ ਚੰਗੀ ਪੰਜਾਬੀ ਜਾਨਣ ਵਾਲਿਆਂ ਦੀ ਲੋੜ ਹਰ ਵੇਲੇ ਰਹਿੰਦੀ ਹੈ। ਐਂਕਰਿੰਗ, ਖ਼ਬਰਾਂ ਨੂੰ ਸ਼ੁੱਧ ਪੜ੍ਹਨ ਵਾਲਿਆਂ ਅਤੇ ਸਕਰੀਨ ਦੇ ਪਿਛੇ ਅਨੇਕਾਂ ਹੀ ਐਸੇ ਕੰਮ ਨੇ ਜੋ ਪੰਜਾਬੀ ਪੜ੍ਹੇ ਵਿਦਿਆਰਥੀਆਂ ਲਈ ਰੁਜ਼ਗਾਰ ਮੁਹੱਈਆ ਕਰਵਾਉਂਦੇ ਹਨ।

ਪੰਜਾਬੀ ਜਾਨਣ ਵਾਲੇ ਕਈ ਵਿਦਿਆਰਥੀਆਂ ਨੇ ਟਾਈਪਿੰਗ ਰਾਹੀਂ ਵੀ ਆਪਣਾ ਭਵਿੱਖ ਬਣਾਇਆ ਹੋਇਆ ਹੈ। ਅਜੋਕੇ ਯੁਗ ਵਿਚ ਕੰਪਿਊਟਰ ਆਉਣ ਨਾਲ ਹਰ ਭਾਸ਼ਾ ਦੀ ਪਹੁੰਚ ਕੰਪਿਊਟਰ ਰਾਹੀਂ ਤਿਆਰ ਦਸਤਾਵੇਜ਼ਾਂ ਤਕ ਹੋ ਗਈ ਹੈ। ਅਨੇਕਾਂ ਮੌਕਿਆਂ ਤੇ ਪੰਜਾਬੀ ਭਾਸ਼ਾ ਵਿਚ ਸੂਚਨਾ ਹਿੱਤ ਜਾਂ ਹੋਰ ਇਸ਼ਤਿਹਾਰੀ ਜ਼ਰੂਰਤਾਂ ਲਈ ਪੰਜਾਬੀ ਵਿਚ ਤਿਆਰ ਕੀਤੀ ਗਈ ਲਿਖਤ ਦੀ ਲੋੜ ਸਮੇਂ ਪੰਜਾਬੀ ਟਾਈਪ ਜਾਨਣ ਵਾਲੇ ਦੀ ਬਹੁਤ ਜ਼ਰੂਰਤ ਮਹਿਸੂਸ ਹੁੰਦੀ ਹੈ। ਸੋ ਟਾਈਪਿੰਗ ਜਾਂ ਕੰਪਿਊਟਰ ਟਾਈਪਿੰਗ ਨੂੰ ਵੀ ਕਿੱਤੇ ਵਜੋਂ ਅਪਨਾਇਆ ਜਾ ਸਕਦਾ ਹੈ।

ਸਾਡੇ ਕੋਲ ਅੱਜ ਮੋਬਾਇਲ ਹੈ। ਜੇ ਅਸੀਂ ਇਸ ਮੋਬਾਇਲ ਵਿਚ ਆਪਣੇ ਸੰਦੇਸ਼, ਨਾਮ ਅਤੇ ਹੋਰ ਐਪਲੀਕੇਸ਼ਨ ਪੰਜਾਬੀ ਵਿਚ ਦੇਖਣਾ ਚਾਹੁੰਦੇ ਹਾਂ ਤਾਂ ਹਰ ਚੰਗੀ ਕੰਪਨੀ ਦੇ ਮੋਬਾਇਲ ਵਿਚ ਪੰਜਾਬੀ ਭਾਸ਼ਾ ਵਿਚ ਟਾਈਪ ਕਰਨ ਦੀ ਸਹੂਲਤ ਦਿਤੀ ਗਈ ਹੈ। ਜੇ ਵਿਦਿਆਰਥੀ ਪੰਜਾਬੀ ਭਾਸ਼ਾ ਦੇ ਨਾਲ-ਨਾਲ ਕੰਪਿਊਟਰ ਤਕਨੀਕ ਦੀ ਵੀ ਜਾਣਕਾਰੀ ਰਖਦੇ ਹਨ ਤਾਂ ਇਨ੍ਹਾਂ ਕੰਪਨੀਆਂ ਵਿਚ ਸਮੇਂ ਸਮੇਂ ਤੇ ਚੰਗੀ ਪੰਜਾਬੀ ਜਾਨਣ ਵਾਲੇ ਇੰਜੀਨੀਅਰ ਭਰਤੀ ਕੀਤੇ ਜਾਂਦੇ ਹਨ ਤੇ ਉਨ੍ਹਾਂ ਨੂੰ ਵਿਦੇਸ਼ਾਂ ਵਿਚ ਵੀ ਪੰਜਾਬੀ ਦੇ ਆਧਾਰ ਉਤੇ ਆਪਣਾ ਭਵਿੱਖ ਸ਼ੁਰੂ ਕਰਨ ਦਾ ਇਕ ਸੁਨਹਿਰੀ ਮੌਕਾ ਮਿਲਦਾ ਹੈ। ਬਾਹਰਲੇ ਮੁਲਕਾਂ ਵਿਚ ਅਨੇਕਾਂ ਹੀ ਪੰਜਾਬੀ ਭਾਸ਼ਾ ਦੇ ਮਾਹਿਰਾਂ ਨੇ ਆਪਣੇ ਨਿੱਜੀ ਰੇਡੀਉ ਸਟੇਸ਼ਨ ਸਥਾਪਤ ਕਰਕੇ ਚੰਗਾ ਪ੍ਰਭਾਵ ਹੀ ਹਾਸਲ ਕੀਤਾ ਹੋਇਆ ਹੈ।

ਅੰਤ ਵਿਚ ਕਿਹਾ ਜਾ ਸਕਦਾ ਹੈ ਕਿ ਪੰਜਾਬੀ ਭਾਸ਼ਾ ਵਿਚ ਭਵਿੱਖ ਬਣ ਸਕਦਾ ਹੈ ਤੇ ਬਣਦਾ ਰਹੇਗਾ ਬਸ ਭਾਸ਼ਾ ਨੂੰ ਪੜ੍ਹਨ ਅਤੇ ਸਮਝਣ ਦਾ ਨਜ਼ਰੀਆ ਬਦਲਣਾ ਪਵੇਗਾ।

# ਨਾਟਕ ਤੇ ਕਹਾਣੀ ਦੀ ਅਧਿਆਪਨ ਵਿਧੀ

**ਰਾਸ਼ੀ**

ਸਾਹਿਤ ਦੀਆਂ ਹੋਰਨਾਂ ਵੰਨਗੀਆਂ ਨਾਲੋਂ ਨਾਟਕ ਵੱਖਰੀ ਵਿਧਾ ਹੈ। ਇਕ ਪਾਸੇ ਇਹ ਸਾਹਿਤ ਦਾ ਰੂਪ ਹੈ ਤੇ ਦੂਜੇ ਪਾਸੇ ਮੰਚ ਤੇ ਖੇਡਿਆ ਜਾਣ ਕਰਕੇ ਦ੍ਰਿਸ਼-ਸਾਹਿਤ ਦਾ ਰੂਪ ਹੈ। ਇਸ ਵਿਚ ਜ਼ਿੰਦਗੀ ਦੇ ਹਰ ਪੱਖ ਨੂੰ ਕਲਾਮਈ ਢੰਗ ਨਾਲ ਅਤੇ ਗਿਆਨ-ਇੰਦਰੀਆਂ ਦੇ ਸੁਚੇਤ ਪ੍ਰਯੋਗ ਨਾਲ ਪੇਸ਼ ਕੀਤਾ ਜਾਂਦਾ ਹੈ। ਇਸ ਗੱਲ ਨੂੰ ਪਰਿਭਾਸ਼ਾ ਰਾਹੀਂ ਸਮਝਾਇਆ ਜਾ ਸਕਦਾ ਹੈ :-

> "Drama is serious representation of real life on stories and don't include fantasy in their plot. It shows emotions and events at their true heights and dramatize them."
>
> *ਭਾਵ, ਨਾਟਕ ਜ਼ਿੰਦਗੀ ਦੀ ਵਾਸਤਵਿਕਤਾ ਨੂੰ ਪੇਸ਼ ਕਰਦਾ ਹੈ। ਕਾਲਪਨਿਕ ਜਗਤ ਨਾਲ ਇਸ ਦਾ ਸੰਬੰਧ ਨਹੀਂ ਹੁੰਦਾ। ਇਸ ਵਿਚ ਭਾਵਾਂ ਦੀ ਬਹੁਤਾਤ ਤੇ ਘਟਨਾ ਕ੍ਰਮ ਨੂੰ ਟੀਚੇ ਤੇ ਪੇਸ਼ ਕੀਤਾ ਜਾਂਦਾ ਹੈ ਜਾਂ ਇਸ ਦਾ ਨਾਟਕੀਕਰਨ ਕੀਤਾ ਜਾਂਦਾ ਹੈ।*

## ਨਾਟਕ ਅਤੇ ਇਕਾਂਗੀ

ਨਾਟਕ ਵਿਚ ਜ਼ਿੰਦਗੀ ਦੇ ਕਈ ਪੱਖਾਂ ਤੇ ਪਹਿਲੂਆਂ ਨੂੰ ਸਮੇਟ ਲਿਆ ਜਾਂਦਾ ਹੈ। ਇਕਾਂਗੀ ਵਿਚ ਜ਼ਿੰਦਗੀ ਦੀ ਕਿਸੇ ਇਕ ਘਟਨਾ ਜਾਂ ਪਹਿਲੂ ਨੂੰ ਪੇਸ਼ ਕੀਤਾ ਜਾਂਦਾ ਹੈ। ਭਾਵ, ਇਹ ਨਾਟਕ ਦਾ ਸੰਖੇਪ ਰੂਪ ਹੈ।

ਨਾਟਕ - ਬਹੁ + ਅੰਗੀ (Multi Act Play)

ਇਕਾਂਗੀ - ਇਕ + ਅੰਗੀ (One Act Play)

## ਅਧਿਆਪਨ-ਵਿਧੀ

ਜਦੋਂ ਅਸੀਂ ਨਾਟਕ ਜਾਂ ਇਕਾਂਗੀ ਦੀ ਅਧਿਆਪਨ-ਵਿਧੀ ਦੀ ਗੱਲ ਕਰਦੇ ਹਾਂ ਤਾਂ ਇਹ ਆਪਣੇ ਅੰਦਰ ਸੰਪੂਰਨ ਕਲਾ ਦੇ ਸਾਰੇ ਗੁਣ ਸਾਂਭੀ ਬੈਠੀ ਹੈ। ਵਿਦਿਆਰਥੀਆਂ ਤੱਕ ਆਪਣੇ ਵਿਸ਼ੇ ਦਾ ਸੰਚਾਰ ਕਰਨ ਲਈ ਸਭ ਤੋਂ ਪਹਿਲਾਂ ਵਿਦਿਆਰਥੀ ਪਾਤਰਾਂ ਨੂੰ ਵੰਡ ਕੇ ਅਤੇ ਸੰਵਾਦ (Dialogue) ਪੇਸ਼ ਕਰਨ ਦਾ ਤਰੀਕਾ ਦੱਸ ਕੇ ਥੋੜ੍ਹੀ ਤਿਆਰੀ ਦਾ ਸਮਾਂ ਦੇਵਾਂਗੇ, ਫਿਰ ਉਸ ਦਾ ਮੰਚਨ ਕਰਾਵਾਂਗੇ ਤਾਂ ਮੰਚਣ ਨਾਲ ਹੀ ਨਾਟਕ ਜੀਵੰਤ

ਹੋ ਜਾਵੇਗਾ। ਮੰਚਨ ਦੇ ਦੌਰਾਨ ਬੱਚਿਆਂ ਵਿਚ ਰੋਚਕਤਾ ਪੈਦਾ ਕਰਨ ਲਈ ਉਨ੍ਹਾਂ ਨੂੰ ਪਹਿਲਾਂ ਹੀ ਦੱਸ ਦਿੱਤਾ ਜਾਵੇਗਾ ਕਿ ਨਾਟਕ ਜਾਂ ਇਕਾਂਗੀ ਨਾਲ ਸੰਬੰਧਿਤ ਮਹੱਤਵਪੂਰਨ ਨੁਕਤਿਆਂ ਨੂੰ ਨੋਟ ਕਰ ਲਿਆ ਜਾਵੇ, ਤਾਂਕਿ ਉਸ ਬਾਰੇ ਸੁਚਾਰੂ ਢੰਗ ਨਾਲ ਚਰਚਾ ਹੋ ਸਕੇ।

ਮੰਚਣ ਤੋਂ ਬਾਅਦ ਨਾਟਕ ਨਾਲ ਸੰਬੰਧਿਤ ਪ੍ਰਸ਼ਨ ਪੁੱਛੇ ਜਾਣਗੇ। ਇਸ ਨਾਲ ਬੱਚੇ ਪਾਤਰਾਂ, ਉਨ੍ਹਾਂ ਦੇ ਆਪਸੀ ਸੰਬੰਧਾਂ ਤੋਂ ਜਾਣੂੰ ਹੋਣ ਦੇ ਨਾਲ ਨਾਲ ਪਾਤਰਾਂ ਦੇ ਨਕਾਰਾਤਮਕ ਤੇ ਸਕਾਰਾਮਕ ਪੱਖਾਂ ਨੂੰ ਵੀ ਸਮਝ ਸਕਣਗੇ। ਇਸ ਨਾਲ ਬੱਚੇ ਸਿਰਫ ਨਾਟਕ ਅਤੇ ਉਨ੍ਹਾਂ ਦੇ ਪਾਤਰਾਂ ਨਾਲ ਰੂ-ਬ-ਰੂ ਹੀ ਨਹੀਂ ਹੋਣਗੇ, ਬਲਕਿ ਉਨ੍ਹਾਂ ਤੋਂ ਸਿੱਖਿਆ ਤੇ ਪ੍ਰੇਰਨਾ ਲੈ ਕੇ ਸਮਾਜ ਨੂੰ ਸੇਧ ਪ੍ਰਦਾਨ ਕਰਨਗੇ। ਬੱਚਿਆਂ ਦੀ ਸਿਰਜਣਾਤਮਕਤਾ ਵਿਚ ਵਾਧਾ ਕਰਨ ਲਈ ਉਨ੍ਹਾਂ ਨੂੰ ਮਨਪਸੰਦ ਪਾਤਰ ਬਾਰੇ ਲਿਖਣ ਤੇ ਨਾਟਕ ਦਾ ਸਾਰ ਲਿਖਣ ਦਾ ਕੰਮ ਦਿੱਤਾ ਜਾਵੇਗਾ।

ਇੰਝ ਕਰਨ ਨਾਲ ਜਮਾਤ ਰੌਚਕ ਤੇ ਜੀਵੰਤ ਬਣ ਜਾਵੇਗੀ ਅਤੇ ਵਿਦਿਆਰਥੀ ਪਾਠ ਨੂੰ ਸਮਝ ਕੇ ਉਸ ਬਾਰੇ ਸੋਚ ਬਣਾ ਸਕਣਗੇ। ਬੱਚਿਆਂ ਨੂੰ ਨਾਟਕ ਦੇ ਵਿਸ਼ੇ ਨਾਲ ਮਿਲਦੇ-ਜੁਲਦੇ ਕਿਸੇ ਹੋਰ ਵਿਸ਼ੇ ਬਾਰੇ ਲਿਖ ਕੇ ਆਉਣ ਦੀ ਗਤੀਵਿਧੀ ਵੀ ਕਰਵਾਈ ਜਾ ਸਕਦੀ ਹੈ। ਇਸ ਨਾਲ ਨਾਟਕੀ-ਵਿਸ਼ੇ ਨੂੰ ਸਾਰਥਕ ਬਣਾਇਆ ਜਾ ਸਕਦਾ ਹੈ। ਨਾਟਕ ਨੂੰ ਅਜੋਕੇ ਸਮਾਜ, ਪਰਿਸਥਿਤੀਆਂ ਅਤੇ ਆਲੇ-ਦੁਆਲੇ ਨਾਲ ਸੰਬੰਧਤ ਕਰ ਕੇ ਵੀ ਸਮਝਾਇਆ ਜਾਵੇਗਾ। ਜੇ ਅਸੀਂ ਨੌਵੀਂ-ਦਸਵੀਂ ਦੇ ਪਾਠਕ੍ਰਮ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਉਨ੍ਹਾਂ ਵਿਚ ਇੱਕ-ਇੱਕ ਇਕਾਂਗੀ ਹੈ। 'ਕਿਰਤ ਦਾ ਸਤਿਕਾਰ' ਅਤੇ 'ਬੇਬੇ ਰਾਮ ਭਜਨੀ'।

'ਕਿਰਤ ਦਾ ਸਤਿਕਾਰ' ਇਕਾਂਗੀ ਦਾ ਵਿਸ਼ਾ ਅਜਿਹਾ ਹੈ, ਜੋ ਸਮੇਂ ਤੇ ਸਥਿਤੀਆਂ ਦੇ ਬਦਲਾਵ ਦੇ ਬਾਵਜੂਦ ਆਪਣੀ ਸਾਰਥਕਤਾ ਬਣਾਈ ਰੱਖਦਾ ਹੈ। ਮੁੱਢ ਕਦੀਮ ਤੋਂ ਹੀ ਮਨੁੱਖ ਨੂੰ ਹੱਥੀਂ ਕਿਰਤ ਕਰਨ ਉਪਰ ਜ਼ੋਰ ਦਿੱਤਾ ਗਿਆ ਹੈ। ਅਨੇਕਾਂ ਲੋਕ-ਕਥਾਵਾਂ, ਪੁਰਾਣਿਕ ਕਹਾਣੀਆਂ ਅਤੇ ਸਾਖੀਆਂ ਇਸ ਕਥਨ ਨੂੰ ਹੀ ਦ੍ਰਿੜ੍ਹ ਕਰਦੀਆਂ ਹਨ ਕਿ ਕਿਰਤ ਕਰਨ ਨਾਲ ਨੀਅਤ ਸਾਫ ਰਹਿੰਦੀ ਹੈ, ਤਨ-ਮਨ ਅਰੋਗ ਰਹਿੰਦਾ ਹੈ, ਪਰਮਾਤਮਾ ਵਿਚ ਵਿਸ਼ਵਾਸ ਬਣਿਆ ਰਹਿੰਦਾ ਹੈ ਅਤੇ ਦੂਜਿਆਂ ਦੇ ਹਿੱਤ ਬਾਰੇ ਸੋਚਣ ਦੀ ਕਲਾ ਆਉਂਦੀ ਹੈ। ਇਸ ਦੇ ਨਾਲੋਂ-ਨਾਲ ਮਨੁੱਖੀ ਸਿਰਜਣਾਤਮਕਤਾ, ਹੁਨਰ, ਸਵੈ-ਵਿਸ਼ਵਾਸ ਵਿੱਚ ਵੀ ਇਜਾਫ਼ਾ ਹੁੰਦਾ ਹੈ। ਇਸੇ ਵਿਸ਼ੇ ਨੂੰ ਡਾ. ਹਰਚਰਨ ਸਿੰਘ ਨੇ ਬੜੇ ਸਰਲ, ਸਪੱਸ਼ਟ ਤੇ ਸਹਿਜ ਢੰਗ ਨਾਲ ਪਾਠਕਾਂ ਸਾਹਮਣੇ ਪੇਸ਼ ਕੀਤਾ ਹੈ। ਸਧਾਰਨ ਪਾਤਰਾਂ ਦੀ ਪੇਸ਼ਕਾਰੀ ਇਸ ਵਿਸ਼ੇ ਨੂੰ ਸਹਿਜੇ ਹੀ ਪਾਠਕਾਂ ਤੱਕ ਪਹੁੰਚਾ ਦਿੰਦੀ ਹੈ।

ਇਸ ਇਕਾਂਗੀ ਦੀ ਇੱਕੋ ਵਾਰ ਸਹਿਜ ਪੇਸ਼ਕਾਰੀ ਹੀ ਆਪਣਾ ਮੰਤਵ ਪੂਰਾ ਕਰ ਜਾਂਦੀ ਹੈ। ਪਾਠਕ, ਦਰਸ਼ਕ ਅਤੇ ਸਰੋਤਾ ਇਸ ਗੱਲ ਨੂੰ ਅਸਵੀਕਾਰ ਨਹੀਂ ਕਰ ਸਕਦੇ ਕਿ ਇਕਾਂਗੀ ਦਾ ਮੁੱਖ ਪਾਤਰ 'ਕਿਸ਼ਨ' ਸਾਡੇ ਸਮਾਜ ਦੀ ਵਾਸਤਵਿਕ ਸਥਿਤੀ ਨੂੰ ਦਰਸਾਉਂਦਾ ਹੈ। ਪਿਤਾ ਦਾ ਸਾਇਆ ਨਾ ਹੋਣ ਦੇ ਬਾਵਜੂਦ ਵੀ ਜੇ ਬੱਚੇ ਨੂੰ ਸਹੀ ਸੇਧ ਮਿਲੇ ਤਾਂ ਉਹ ਪਰਿਸਥਿਤੀਆਂ ਨੂੰ ਹਰਾ ਕੇ ਅਗੇ ਵਧ ਸਕਦਾ ਹੈ। ਬੱਚਿਆਂ ਦਾ ਧਿਆਨ ਇਸ ਗੱਲ ਵਲ ਵੀ ਖਿੱਚਿਆ ਜਾਵੇਗਾ ਕਿ ਅਜੋਕੇ ਸਮਾਜ ਵਿਚ ਸਿਰਫ ਮੁੰਡਾ ਹੀ ਨਹੀਂ ਬਲਕਿ ਕੁੜੀ ਵੀ ਕਿਰਤ ਕਰਕੇ ਆਪਣੇ ਪਰਿਵਾਰ ਦਾ ਖਿਆਲ ਰੱਖ ਸਕਦੀ ਹੈ।

ਇਕਾਂਗੀ ਦੀ ਭੂਮਿਕਾ ਬਣਾਉਣ ਤੋਂ ਬਾਅਦ ਇਕਾਂਗੀ ਦੇ ਪਾਤਰ ਚੁਣੇ ਜਾਣਗੇ। ਉਨ੍ਹਾਂ ਨੂੰ ਸੰਵਾਦ ਵੰਡ ਕੇ ਤਿਆਰੀ ਕਰਨ ਲਈ ਸਮਾਂ ਦਿੱਤਾ ਜਾਵੇਗਾ। ਹਾਵ-ਭਾਵ, ਆਵਾਜ਼ ਦੇ ਉਤਾਰ-ਚੜ੍ਹਾਅ ਅਤੇ ਲੈਆਤਮਕਤਾ ਨਾਲ ਸੰਵਾਦ ਦੀ ਪੇਸ਼ਕਾਰੀ ਕਰਨ ਵਿਚ ਉਨ੍ਹਾਂ ਦੀ ਮਦਦ ਕੀਤੀ ਜਾਵੇਗੀ। ਜਮਾਤ ਵਿਚ ਮੰਚਣ ਦੌਰਾਨ ਬਾਕੀ ਵਿਦਿਆਰਥੀਆਂ ਨੂੰ ਕਾਪੀ ਤੇ ਮੁੱਖ ਪਾਤਰਾਂ, ਨੁਕਤਿਆਂ, ਘਟਨਾਵਾਂ ਅਤੇ ਟੁੰਬਣ ਵਾਲੇ ਵਿਸ਼ਿਆਂ ਨੂੰ ਨੋਟ ਕਰਨ

ਲਈ ਕਿਹਾ ਜਾਵੇਗਾ। ਇਕਾਂਗੀ ਮੰਚਣ ਤੋਂ ਬਾਅਦ ਵਿਦਿਆਰਥੀਆਂ ਨਾਲ ਚਰਚਾ ਕੀਤੀ ਜਾਵੇਗੀ। ਉਨ੍ਹਾਂ ਨੂੰ ਇਸ ਨਾਲ ਸੰਬੰਧਤ ਪ੍ਰਸ਼ਨਾਂ ਨੂੰ ਅਜੋਕੇ ਪਰਿਸਥਿਤੀਆਂ ਨਾਲ ਜੋੜ ਕੇ ਸਮਝਾਇਆ ਜਾਵੇਗਾ। ਜਿਵੇਂ ਕਿ:-

1. ਬਾਲ-ਮਜ਼ਦੂਰੀ ਇਕ ਕਾਨੂੰਨੀ ਅਪਰਾਧ ਹੈ, ਪਰ ਸਵੈ-ਇੱਛਾ ਨਾਲ ਕੀਤੀ ਬਾਲ-ਮਜ਼ਦੂਰੀ ਨੂੰ ਵੀ ਅਪਰਾਧ ਮੰਨਣਾ ਚਾਹੀਦਾ ਹੈ ?
2. ਤੁਸੀਂ ਕਿਸੇ ਅਜਿਹੇ ਵਿਦਿਆਰਥੀ ਨੂੰ ਜਾਣਦੇ ਹੋ, ਜੋ ਕਿਰਤ ਅਤੇ ਪੜ੍ਹਾਈ ਨਾਲੋ-ਨਾਲ ਕਰਦਾ ਹੋਵੇ ?
3. ਜੇ ਤੁਸੀਂ ਕਿਸ਼ਨ ਦੀ ਥਾਂ ਹੁੰਦੇ ਤਾਂ ਅਜਿਹੀ ਪਰਿਸਥਿਤੀਆਂ ਵਿਚ ਕੀ ਕਰਦੇ ?

ਇਨ੍ਹਾਂ ਗਤੀਵਿਧੀਆਂ ਨਾਲ ਬੱਚਿਆਂ ਦੀ ਸੋਚਣ-ਸਮਝਣ ਦੀ ਸ਼ਕਤੀ, ਸਿਰਜਣਾਤਮਕਤਾ, ਸ਼ਬਦ ਭੰਡਾਰ ਵਿਚ ਵਾਧਾ ਹੋਵੇਗਾ ਅਤੇ ਗਿਆਨ-ਇੰਦਰੀਆਂ ਵੀ ਚੇਤੰਨ ਰਹਿਣਗੀਆਂ।

ਇਸੇ ਲੜੀ ਵਿਚ ਦੂਜੀ ਇਕਾਂਗੀ 'ਬੇਬੇ ਰਾਮ ਭਜਨੀ' ਹੈ। ਪਹਿਲੀ ਨਜ਼ਰੇ ਇਸਦਾ ਵਿਸ਼ਾ ਵਿਦਿਆਰਥੀਆਂ ਨੂੰ ਓਪਰਾ ਲਗ ਸਕਦਾ ਹੈ। ਪਰ ਇਸ ਦੇ ਅੰਤਰ-ਭਾਵ ਵਿੱਚ ਛੁਪੇ ਹੋਏ ਵਿਸ਼ੇ ਅੰਧ-ਵਿਸ਼ਵਾਸ ਤੇ ਧਰਮ ਵਿੱਚ ਭੇਡ-ਚਾਲ ਨੂੰ ਸਾਹਮਣੇ ਲਿਆਉਂਦਾ ਗਿਆ ਹੈ। ਇਸੇ ਵਿਸ਼ੇ ਨੂੰ ਅੱਜ ਦੇ ਸੰਦਰਭ ਵਿਚ ਜੋੜ ਕੇ ਦੱਸਾਂਗੇ ਕਿ ਕਿਵੇਂ ਅੱਜ ਦੇ ਤਾਰਕਿਕ, ਵਿਗਿਆਨਕ ਤੇ ਆਧੁਨਿਕ ਯੁੱਗ ਵਿਚ ਇਕ ਮਨੁੱਖ ਨੂੰ ਸਰਬਕਲਾ ਸੰਪੂਰਨ ਪਰਮਾਤਮਾ ਦੇ ਬਰਾਬਰ ਮੰਨ ਲਿਆ ਜਾਂਦਾ ਹੈ। ਉਸਦੇ ਚੰਗੇ-ਮੰਦੇ ਗੁਣਾਂ ਨੂੰ ਅਖੋਂ-ਪਰੋਖੇ ਕਰ ਦਿੱਤਾ ਜਾਂਦਾ ਹੈ। ਹਾਲ ਵਿਚ ਹੀ ਵਾਪਰੀ ਘਟਨਾਵਾਂ ਬਾਰੇ ਚਰਚਾ ਕਰਦੇ ਹੋਏ ਪ੍ਰਸ਼ਨੋਤਰੀ ਵਿਧੀ ਰਾਹੀਂ ਪ੍ਰਸ਼ਨ ਪੁਛੇ ਜਾਣਗੇ। ਜਿਵੇਂ ਕਿ :-

1. ਕੀ ਸਾਨੂੰ ਅਜਿਹੇ ਵਿਅਕਤੀਆਂ ਉੱਤੇ ਆਸਥਾ ਰੱਖਣੀ ਚਾਹੀਦੀ ਹੈ ਜਾਂ ਤਾਰਕਿਕ ਸੋਚ ਦਾ ਪ੍ਰਯੋਗ ਕਰਨਾ ਚਾਹੀਦਾ ਹੈ ?
2. ਕੀ ਅਜਿਹੇ ਲੋਕਾਂ 'ਤੇ ਵਿਬਵਾਸ ਕਰਕੇ ਸਾਨੂੰ ਮੁਕਤੀ ਲਿ ਸਕਦੀ ਹੈ ?
3. ਕੀ ਤੁਸੀਂ ਅਜਿਹੇ ਵਿਅਕਤੀ ਨੂੰ ਜਾਣਦੇ ਹੋ, ਜੋ ਅਜਿਹੇ ਪਾਖੰਡੀ ਵਿਅਕਤੀ ਦਾ ਸ਼ਿਕਾਰ ਹੋਇਆ ਹੋਵੇ ?

ਜਮਾਤ ਵਿਚ ਇਸ ਸਾਰੀ ਚਰਚਾ ਤੋਂ ਬਾਅਦ, ਜਦੋਂ ਵਿਦਿਆਰਥੀਆਂ ਨੂੰ ਧਰਾਤਲ ਮਿਲ ਚੁੱਕਾ ਹੋਵੇਗਾ ਤਾਂ ਮੰਚਣ ਰਾਹੀਂ ਇਸਦੇ ਵਿਸ਼ੇ-ਵਸਤੂ ਨੂੰ ਹੋਰ ਸਮੱਸ਼ਟ ਕੀਤਾ ਜਾਵੇ। ਇਕਾਂਗੀ ਵਿਚ ਛੁਪੇ ਵਿਅੰਗ, ਟਿੱਚਰ, ਦੋਗਲੀਆਂ ਗੱਲਾਂ ਤੇ ਮਖੌਲ ਕਿਵੇਂ ਇਸ ਵਿਸ਼ੇ ਨੂੰ ਜੀਵੰਤ ਰੂਪ ਪ੍ਰਦਾਨ ਕਰਦਾ ਹੈ, ਇਸ ਬਾਰੇ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਅੰਤ ਵਿਚ ਇਸ ਨਾਲ ਸੰਬੰਧਤ ਪ੍ਰਸ਼ਨੋਤਰੀ ਤੇ ਵਿਆਕਰਣ ਕਰਵਾ ਕੇ ਇਕਾਂਗੀ ਸੰਪੂਰਨ ਕੀਤੀ ਜਾਵੇਗੀ।

ਜਿਸ ਤਰ੍ਹਾਂ ਨਾਟਕ ਅਧਿਆਪਨ-ਵਿਧੀ ਬਾਰੇ ਚਰਚਾ ਕੀਤੀ ਗਈ ਹੈ, ਇਸੇ ਲੜੀ ਨੂੰ ਅੱਗੇ ਵਧਾਉਂਦਿਆਂ ਕਹਾਣੀ ਅਧਿਆਪਨ-ਵਿਧੀ ਬਾਰੇ ਵਿਚਾਰ ਪੇਸ਼ ਕੀਤੇ ਜਾ ਰਹੇ ਹਨ।

## II ਕਹਾਣੀ ਅਧਿਆਪਨ ਵਿਧੀ

ਪੰਜਾਬੀ ਕਹਾਣੀ ਮੁੱਢ-ਕਦੀਮ ਤੋਂ ਹੀ ਚਲਦੀ ਆ ਰਹੀ ਹਰਮਨ ਪਿਆਰੀ ਵੰਨਗੀ ਹੈ। ਬੇਸ਼ਕ ਇਸ ਦੇ ਵਿਕਾਸ ਵਿਚ ਪੱਛਮ ਦਾ ਪ੍ਰਭਾਵ ਮੰਨਿਆ ਜਾਂਦਾ ਹੈ, ਪਰ ਇਸ ਦੇ ਮੂਲ ਵਿਚ ਪਈਆਂ ਬਾਤਾਂ, ਕਿੱਸੇ, ਵਾਰਾਂ ਕਾਰਨ ਭਾਰਤੀ ਪ੍ਰਾਚੀਨ ਪਰੰਪਰਾ ਦੇ ਯੋਗਦਾਨ ਤੋਂ ਵੀ ਇਨਕਾਰ ਨਹੀਂ ਕੀਤਾ ਜਾ ਸਕਦਾ।

## ਪਰੰਪਰਕ ਅਤੇ ਆਧੁਨਿਕ ਕਹਾਣੀ

ਪਰੰਪਰਕ ਕਹਾਣੀਆਂ ਵਿਚ ਜਿੱਥੇ ਪਰਮਾਤਮਾ ਅਤੇ ਆਰਦਸ਼ਕ ਪਾਤਰਾਂ ਨੂੰ ਕੇਂਦਰ ਵਿਚ ਰੱਖਿਆ ਜਾਂਦਾ ਸੀ। ਅਜੋਕੀ ਕਹਾਣੀ ਅੱਜ ਦੇ ਮਨੁੱਖ, ਸਥਿਤੀਆਂ, ਪਰਿਸਥਿਤੀਆਂ, ਅਜੋਕੇ ਸਮੇਂ ਦੀਆਂ ਸਮੱਸਿਆਵਾਂ ਤੇ ਮਾਨਸਿਕ ਗੁੰਝਲਾਂ ਦੇ ਦੁਆਲੇ ਘੁੰਮਦੀ ਹੈ, ਜਿਸ ਦੇ ਪਾਤਰ ਨਾ ਤਾਂ ਸਰਬ ਕਲਾ ਸੰਪੂਰਨ ਹਨ ਤੇ ਨਾ ਹੀ ਆਦਰਸ਼ਕ ਹਨ।

## ਅਧਿਆਪਨ-ਵਿਧੀ

ਕਹਾਣੀ ਅਧਿਆਪਨ ਲਈ ਅਧਿਆਪਕ ਨੂੰ ਕਹਾਣੀ ਸੁਣਾਉਣ ਦੀ ਕਲਾ ਵਿਚ ਨਿਪੁੰਨ ਹੋਣ ਦੇ ਨਾਲ-ਨਾਲ ਕਿਹੜੀ ਕਹਾਣੀ, ਕਿਸ ਵਿਧੀ/ਤਕਨੀਕ ਨਾਲ ਪੜ੍ਹਾਈ ਜਾਵੇ। ਇਸ ਗੱਲ ਬਾਰੇ ਵੀ ਸੁਚੇਤ ਹੋਣਾ ਲਾਜ਼ਮੀ ਹੈ। ਜਿਵੇਂ ਕਿ :-

ਅਠਵੀਂ ਜਮਾਤ ਦੀ ਕਹਾਣੀ 'ਦਸ ਰੁਪਏ ਦਾ ਅਜੀਬ ਨੋਟ' ਨੂੰ ਆਗਮਨ ਵਿਧੀ (Inductive Method) ਨਾਲ ਪੜ੍ਹਾਇਆ ਜਾ ਸਕਦਾ ਹੈ। ਇਹ ਇਕ ਖੁਲ੍ਹੇ ਅੰਤ (Open Ended) ਵਾਲੀ ਵਿਧੀ ਹੈ। ਇਸ ਤਕਨੀਕ ਰਾਹੀਂ ਵਿਸ਼ੇ ਨੂੰ ਵਿਸ਼ੇਸ਼ ਪੱਧਰ (Specific level) ਤੋਂ ਆਮ ਪੱਧਰ (General level) ਤੱਕ ਲੈ ਕੇ ਆਇਆ ਜਾਂਦਾ ਹੈ। ਇਸ ਵਿਚ ਪਹਿਲਾਂ ਕਹਾਣੀ ਦੇ ਸਾਰ ਬਾਰੇ ਦੱਸਣਾ ਹੁੰਦਾ ਹੈ, ਕਿਉਂਕਿ ਕਹਾਣੀ ਦੇ ਸਿਰਲੇਖ ਤੋਂ ਕੁਝ ਸਪੱਸ਼ਟ ਨਹੀਂ ਹੁੰਦਾ। ਜੇ ਕਹਾਣੀ ਦੇ ਸੰਦਰਭ ਵਿਚ ਗੱਲ ਕਰੀਏ ਤਾਂ ਆਲੋਕ ਜਿਹੇ ਵਿਦਿਆਰਥੀ ਬਾਰੇ ਚਰਚਾ ਕਰਨੀ ਹੋਵੇਗੀ। ਉਹ ਕਿਸ ਤਰ੍ਹਾਂ ਆਪਣੇ ਘਰ ਨੂੰ ਹੀ ਨਹੀਂ, ਸਗੋਂ ਸਕੂਲ ਤੇ ਆਲੇ-ਦੁਆਲੇ ਨੂੰ ਸਾਫ ਰੱਖਦਾ ਹੈ। ਉਸਦੀ ਇਸ ਖੂਬੀ ਨੂੰ ਪ੍ਰਿੰਸੀਪਲ ਦੁਆਰਾ ਕਿਵੇਂ ਉਤਸਾਹਿਤ ਕੀਤਾ ਜਾਂਦਾ ਹੈ।

ਕਹਾਣੀ ਦੇ ਸਾਰ ਬਾਰੇ ਚਰਚਾ ਕਰਨ ਮਗਰੋਂ ਪ੍ਰਸ਼ਨੋਤਰੀ ਵਿਧੀ ਰਾਹੀਂ ਵਿਦਿਆਰਥੀਆਂ ਤੋਂ ਸਵਾਲ ਪੁੱਛੇ ਜਾਣਗੇ।

1. ਕੀ ਆਲੋਕ ਹੋਰ ਵਿਦਿਆਰਥੀਆਂ ਨਾਲੋਂ ਅੱਡ ਸੀ ?
2. ਜੇ ਤੁਸੀਂ ਆਲੋਕ ਦੀ ਥਾਂ ਹੁੰਦੇ ਤਾਂ ਆਪਣੇ ਆਲੇ-ਦੁਆਲੇ ਤੇ ਆਂਢ-ਗੁਆਂਢ ਨੂੰ ਕਿਵੇਂ ਸਾਫ-ਸੁਥਰਾ ਰਖਦੇ ?
3. ਭਾਰਤ ਵਿਚ ਸਵੱਛਤਾ ਨਾਲ ਸੰਬੰਧਿਤ ਕਿਹੜੀ ਮੁਹਿੰਮ ਸ਼ੁਰੂ ਕੀਤੀ ਗਈ ?
4. ਇਸ ਮੁਹਿੰਮ ਦੀ ਸ਼ੁਰੂਆਤ ਕਿਸਨੇ ਕੀਤੀ ਤੇ ਕੀ ਪਰਿਵਰਤਨ ਆਏ ?

ਇਸ ਨਾਲ ਵਿਦਿਆਰਥੀਆਂ ਨੂੰ ਸ੍ਵੈ-ਪ੍ਰਗਟਾਵੇ ਦਾ ਅਵਸਰ ਮਿਲੇਗਾ। ਭਾਵਨਾਤਮਕਤਾ ਵਿਚ ਵਾਧਾ ਹੋਵੇਗਾ ਅਤੇ ਸਮਾਜਕ ਜਾਗਰੂਕਤਾ ਵਧੇਗੀ ਅਤੇ ਸ਼ਬਦ-ਭੰਡਾਰ ਵਿਚ ਵਾਧਾ ਹੋਵੇਗਾ। ਇਹੋ ਕਹਾਣੀ ਅਧਿਆਪਨ ਦਾ ਉਦੇਸ਼ ਵੀ ਹੁੰਦਾ ਹੈ।

ਇਸੇ ਕ੍ਰਮ ਵਿਚ ਕਈ ਕਹਾਣੀਆਂ ਦੀ ਅਧਿਆਪਨ-ਵਿਧੀ ਵੱਖਰੀ ਹੁੰਦੀ ਹੈ। ਇਸ ਸੰਦਰਭ ਵਿਚ ਅਸੀਂ 'ਟੂਣਾ' ਤੇ 'ਇਕ ਸਾਧਾਰਣ ਆਦਮੀ' ਕਹਾਣੀਆਂ ਨੂੰ ਲੈ ਸਕਦੇ ਹਾਂ। ਇਨ੍ਹਾਂ ਕਹਾਣੀਆਂ ਦੇ ਮੁੱਢ ਵਿਚ ਹੀ ਕਹਾਣੀ ਦੇ ਸਾਰ ਬਾਰੇ ਚਰਚਾ ਨਹੀਂ ਕੀਤੀ ਜਾਵੇਗੀ। ਬਲਕਿ ਨਿਗਨਾਤਮਕ ਵਿਧੀ (Deductive Method) ਦਾ ਪ੍ਰਯੋਗ ਕਰਦੇ ਹੋਏ ਵਿਦਿਆਰਥੀਆਂ ਦੇ ਪੂਰਬ ਗਿਆਨ ਦੀ ਪਰਖ ਲਈ ਪ੍ਰਸ਼ਨ ਪੁੱਛੇ ਜਾਣਗੇ, ਕਿ :-

1. ਟੂਣਾ ਕੀ ਹੁੰਦਾ ਹੈ, ਕੀ ਬੱਚਿਆਂ ਨੇ ਕਿਸੇ ਤਰ੍ਹਾਂ ਦਾ ਟੂਣਾ ਵੇਖਿਆ ਹੈ ?
2. ਕੀ ਪਰਿਵਾਰ ਦੇ ਬਾਕੀ ਲੋਕ ਟੂਣਿਆਂ ਤੇ ਵਿਸ਼ਵਾਸ ਕਰਦੇ ਹਨ ?
3. ਕੀ ਅਜੋਕੇ ਵਿਗਿਆਨਕ ਯੁੱਗ ਵਿਚ ਟੂਣਿਆਂ ਦੀ ਸਾਰਥਕਤਾ ਹੈ ?

ਬੱਚਿਆਂ ਨੂੰ ਜ਼ਮੀਨੀ ਪੱਧਰ ਦੀ ਵਾਸਤਵਿਕਤਾ ਤੋਂ ਜਾਣੂੰ ਕਰਾਉਂਦੇ ਹੋਏ ਕਹਾਣੀ ਪੜ੍ਹਾਈ ਅਤੇ ਸਮਝਾਈ ਜਾਵੇਗੀ। ਬੱਚਿਆਂ ਤੋਂ ਕਹਾਣੀ ਨਾਲ ਸੰਬੰਧਿਤ ਪ੍ਰਸ਼ਨ ਪੁੱਛੇ ਜਾਣਗੇ ਅਤੇ ਸੰਤੋਸ਼ਜਨਕ ਉੱਤਰਾਂ ਨਾਲ ਉਨ੍ਹਾਂ ਦੀ ਉਤਸੁਕਤਾ ਸ਼ਾਂਤ ਕੀਤੀ ਜਾਵੇਗੀ। ਇੰਝ ਬੱਚਿਆਂ ਦੀ ਕਹਾਣੀ ਵਿਚ ਉਤਸੁਕਤਾ ਪੈਦਾ ਹੀ ਨਹੀਂ ਹੁੰਦੀ, ਬਲਕਿ ਉਨ੍ਹਾਂ ਨੂੰ ਆਪਣੇ ਅਨੁਭਵਾਂ ਦੀ ਅਭਿਵਿਅਕਤੀ ਲਈ ਵੀ ਪ੍ਰੇਰਨਾ ਮਿਲਦੀ ਹੈ।

ਇਸੇ ਲੜੀ ਨੂੰ ਅਗੇ ਵਧਾਉਂਦਿਆਂ ਨੌਵੀਂ-ਦਸਵੀਂ ਦੀਆਂ ਕਹਾਣੀਆਂ ਬਾਰੇ ਚਰਚਾ ਕਰਾਂਗੇ, ਕਿਉਂਕਿ ਵਿਦਿਆਰਥੀਆਂ ਦਾ ਮਾਨਸਿਕ ਪੱਧਰ ਵਿਕਸਿਤ ਹੋ ਚੁੱਕਾ ਹੈ, ਉਨ੍ਹਾਂ ਦੇ ਮਾਨਸਿਕ ਪੱਧਰ ਅਨੁਸਾਰ, ਅਸੀਂ ਕਹਾਣੀ ਨੂੰ ਇਕ ਮੋੜ ਤੱਕ ਲਿਆ ਕੇ ਛੱਡ ਦੇਵਾਂਗੇ ਅਤੇ ਉਨ੍ਹਾਂ ਨੂੰ ਸੰਭਵ ਅੰਤ ਬਾਰੇ ਅਨੁਮਾਨ ਲਗਾਉਣ ਲਈ ਕਿਹਾ ਜਾਵੇ। ਇਸ ਤਰ੍ਹਾਂ ਉਨ੍ਹਾਂ ਦੀ ਸਿਰਜਣਾਤਮਕਤਾ ਨੂੰ ਸਾਹਮਣੇ ਲੈ ਕੇ ਆਇਆ ਜਾ ਸਕਦਾ ਹੈ। ਇਸ ਤਰ੍ਹਾਂ ਨਾਲ ਉਨ੍ਹਾਂ ਦੀ ਸ਼ਬਦਾਵਲੀ ਵਿਚ ਵੀ ਵਾਧਾ ਹੋਵੇਗਾ ਅਤੇ ਵਿਦਿਆਰਥੀ ਅਖਾਣ ਅਤੇ ਮੁਹਾਵਰੇ ਵੀ ਸਹਿਜ ਸੁਭਾਅ ਸਿਖ ਜਾਣਗੇ।

ਅਗਲੇ ਦਿਨ ਕਹਾਣੀ ਬਾਰੇ ਚਰਚਾ ਹੋਵੇਗੀ ਅਤੇ ਵਿਦਿਆਰਥੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾਵੇਗਾ। ਇਸ ਨਾਲ ਵਿਦਿਆਰਥੀਆਂ ਦੀ ਸਮਝ ਦੇ ਆਧਾਰ ਤੇ ਬਣਾਈ ਸੋਚ ਬਾਰੇ ਵੀ ਜਾਣਕਾਰੀ ਪ੍ਰਾਪਤ ਹੋਵੇਗੀ।

ਸਮੁੱਚੇ ਰੂਪ ਵਿਚ ਕਹਾਣੀ ਦੇ ਵਿਸ਼ੇ ਅਨੁਸਾਰ ਵੱਖ-ਵੱਖ ਤਕਨੀਕਾਂ ਤੇ ਵਿਧੀਆਂ ਨਾਲ ਵਿਦਿਆਰਥੀਆਂ ਦੇ ਚਹੁੰਮੁਖੀ ਵਿਕਾਸ ਨੂੰ ਧਿਆਨ ਵਿਚ ਰਖਦਿਆਂ ਅਧਿਐਨ-ਅਧਿਆਪਨ ਕਰਵਾਇਆ ਜਾ ਸਕਦਾ ਹੈ। ਜਿਵੇਂ ਕਹਾਣੀ ਦਾ ਰੋਲ-ਪਲੇਅ ਕਰਵਾਇਆ ਜਾ ਸਕਦਾ ਹੈ, ਅਜੋਕੇ ਵਿਸ਼ਿਆਂ ਜਾਂ ਜੀਵੰਤ ਘਟਨਾਵਾਂ (Current Affairs) ਨਾਲ ਜੋੜਦੇ ਹੋਏ ਵਾਦ-ਵਿਵਾਦ ਕਰਵਾਇਆ ਜਾ ਸਕਦਾ ਹੈ। ਐਕਸਟੈਮਪਰੀ (Extempore) ਦੇ ਮੁਕਾਬਲੇ ਕਰਵਾਏ ਜਾ ਸਕਦੇ ਹਨ। ਇਹ ਕਹਾਣੀ ਦੀ ਜਟਿਲਤਾ ਉਪਰ ਨਿਰਭਰ ਕਰੇਗਾ ਕਿ ਅਧਿਆਪਕ, ਅਧਿਆਪਨ ਸਮੇਂ ਕਿਹੜੀ ਤਕਨੀਕ ਦਾ ਪ੍ਰਯੋਗ ਕਿਥੇ (ਆਰੰਭ, ਮੱਧ ਜਾਂ ਅੰਤ ਵਿਚ ਕਰਦਾ ਹੈ। ਇੱਥੇ ਅਧਿਆਪਕ ਆਪਣੀ ਕੌਸ਼ਲਤਾ ਅਤੇ ਅਨੁਭਵ ਨਾਲ ਨਿਰਣਾ ਲਵੇਗਾ ਕਿ ਵਿਦਿਆਰਥੀ ਦੀ ਜ਼ਰੂਰਤ ਅਨੁਸਾਰ ਕਿਹੜੀ ਤਕਨੀਕ ਦਾ ਪ੍ਰਯੋਗ ਕਦੋਂ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਸਥਿਤੀਆਂ ਅਨੁਸਾਰ ਕਿਵੇਂ ਬਦਲਿਆ ਜਾਵੇ।

# ਗਤੀਵਿਧੀ ਆਧਾਰਿਤ ਸਿਖਲਾਈ

**ਅਰਵਿੰਦਰ ਕੌਰ**

ਅੱਜ ਦੇ ਆਧੁਨਿਕ ਯੁੱਗ ਵਿਚ ਸਿਖਿਆ ਅਤੇ ਸਿਖਲਾਈ ਦੋਵਾਂ ਦੇ ਖੇਤਰ ਵਿਸਤ੍ਰਿਤ, ਬਹੁਪਰਤੀ ਅਤੇ ਬਹੁਆਯਾਮੀ ਹੋ ਗਏ ਹਨ। ਇਸ ਦੇ ਨਿਯਮਾਂ ਵਿਚ ਬਹੁਤ ਤਬਦੀਲੀ ਆਈ ਹੈ। ਚਾਹੇ NCF 2005 ਹੋਵੇ ਜਾਂ RTE ਐਕਟ (ਸਿੱਖਿਆ ਦੇ ਅਧਿਕਾਰ) 2009 ਹੋਵੇ ਇਹ ਕਿਤਾਬੀ ਗਿਆਨ ਨੂੰ ਵਿਹਾਰਕ ਗਿਆਨ ਵਿਚ ਤਬਦੀਲ ਕਰਨ ਉੱਤੇ ਜ਼ੋਰ ਦਿੰਦੇ ਹਨ। ਨਾਲ ਹੀ ਗਿਆਨ ਨੂੰ ਮੁੱਲਾਂਕਣ ਦੀਆਂ ਵਲਗਣਾਂ ਤੋਂ ਤੋੜ ਕੇ ਅਨੰਦਮਈ ਰੂਪ ਵਿਚ ਗ੍ਰਹਿਣ ਕਰਨ ਉਪਰ ਜ਼ੋਰ ਦਿੰਦੇ ਹਨ। ਇਸਤਰ੍ਹਾਂ ਸਿੱਖਣ ਵਾਲੇ ਦਾ ਸਰਬੰਗੀ ਵਿਕਾਸ ਹੋਵੇ ਅਤੇ ਵਿਦਿਆਰਥੀ ਸਿੱਖਿਆ ਦਾ ਕੇਂਦਰ ਬਿੰਦੂ ਰਹੇ।

ਜਿੱਥੇ ਵਿਦਿਆਰਥੀ ਦੇ ਸਿੱਖਿਆ ਪੱਧਰ ਵਿਚ ਤਬਦੀਲੀ ਆਈ ਹੈ ਨਾਲ ਹੀ ਅਧਿਆਪਕ ਦੀ ਭੂਮਿਕਾ ਵੀ ਬਦਲੀ ਹੈ ਅਤੇ ਉਸ ਅੱਗੇ ਕੁਝ ਚੁਣੌਤੀਆਂ ਵੀ ਹਨ। ਹੁਣ ਅਧਿਆਪਕ ਦੇ ਅੱਗੇ ਕੁਝ ਪ੍ਰਮੁੱਖ ਸਵਾਲ ਹਨ, ਜਿਵੇਂ :-

* ਅਧਿਆਪਨ ਨੂੰ ਰੋਚਕ ਕਿਵੇਂ ਬਣਾਇਆ ਜਾਵੇ ?
* ਇਸ ਦੇ ਆਮ ਤੇ ਖਾਸ ਉਦੇਸ਼ ਨਿਸ਼ਚਿਤ ਕਿਵੇਂ ਕੀਤੇ ਜਾਣ ?
* ਇਸ ਦੇ ਵਿਹਾਰਕ ਪੱਖ ਨੂੰ ਕਿਵੇਂ ਉਜਾਗਰ ਕੀਤਾ ਜਾਵੇ ?
* ਮੁੱਲਾਂਕਣ ਕਿਸ ਆਧਾਰ ਤੇ ਕੀਤਾ ਜਾਵੇ ?

ਇਹਨਾਂ ਸਵਾਲਾਂ ਦੇ ਜਵਾਬ ਸ਼ਾਇਦ ਅਮਰੀਕੀ ਫਿਲਾਸਫ਼ਰ, ਮਨੋਵਿਗਿਆਨੀ, ਸਿੱਖਿਆ ਸੁਧਾਰਕ ਜਾਨ ਡੀਊਈ (Jone Dewey) ਅਨੁਸਾਰ : 'Learning by Doing', 'Active Learning' ਜਾਂ 'Discovery Learning' ਵਿਚ ਨੀਹਿਤ ਹਨ। ਉਹ ਆਪਣੇ ਇਸ ਵਿਚਾਰ ਨੂੰ ਹੇਠ ਲਿਖੇ ਤਰੀਕੇ ਨਾਲ ਪੇਸ਼ ਕਰਦਾ ਹੈ:-

> "Giving pupils something to do, not something to learn and the doing is of such a nature as to demand thinking, learning, naturally results."

ਇਸ (ਸਾਰ ਗਰਭਿਤ) ਅਰਥ ਭਰਪੂਰ ਪਰਿਭਾਸ਼ਾ ਅਨੁਸਾਰ ਸਿਖਲਾਈ ਵਿਦਿਆਰਥੀ ਕੇਂਦਰਿਤ ਹੋਣੀ ਚਾਹੀਦੀ ਹੈ। ਵਿਦਿਆਰਥੀ ਨੂੰ ਆਪ ਕਰਕੇ ਸਿੱਖਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਇਸ ਤੱਥ ਦੀ ਸਿੱਖਿਆ ਸ਼ਾਸਤਰੀ, ਮਨੋਵਿਗਿਆਨੀ ਅਤੇ ਹੋਰ ਚਿੰਤਕ ਯਾਂ ਪਿਆਜੇ (Jean Piaget), ਲੈਵ ਵਾਇਗੋਟਸਕੀ (Lev Vygotsky), ਮਿਖਾਇਲ ਬਾਖ਼ਤਿਨ (Mikhail Bakhtin), ਬਾਰਬਰਾ ਰੋਗੌਫ (Barbra Rogoff) ਵੀ ਕਰਦੇ ਹਨ। ਉਹ ਵੀ ਇਸੇ ਗੱਲ ਨੂੰ ਸੁਦ੍ਰਿੜ ਕਰਦੇ ਹਨ ਕਿ :-

"Education is not passive development shaped by external forces. But it is speech and practical done similtaneously."

*ਭਾਵ ਇਹ ਕੋਈ ਨਿਸ਼ਕਿਰਿਆ ਪ੍ਰਕਿਰਿਆ ਨਹੀਂ ਸਗੋਂ ਇਕ ਜੀਵੰਤ ਖੇਤਰ ਹੈ।*

ਹੇਠ ਦਿੱਤੀ ਤਸਵੀਰ ਇਸ ਨੂੰ ਹੋਰ ਅਰਥ ਭਰਪੂਰ ਢੰਗ ਨਾਲ ਪੇਸ਼ ਕਰਦੀ ਹੈ।




ਜਦੋਂ ਅਸੀਂ ਭਾਸ਼ਾ-ਅਧਿਆਪਨ ਦੀ ਗੱਲ ਕਰਦੇ ਹਾਂ ਤਾਂ ਇਹ ਕੇਵਲ ਅੱਖਰਾਂ ਨੂੰ ਜੋੜ ਕੇ ਅਰਥ ਪੂਰਨ ਇਕਾਈ, ਸ਼ਬਦਾਂ ਦੀ ਰਚਨਾ ਤੇ ਪੜ੍ਹਨ ਤੱਕ ਹੀ ਸੀਮਤ ਨਹੀਂ, ਸਗੋਂ ਕਿਸੇ ਪਾਠ ਨੂੰ ਪੜ੍ਹ ਕੇ ਆਪਣੇ ਪੂਰਵ ਅਨੁਭਵਾਂ ਨਾਲ ਜੋੜ ਕੇ ਆਪਣੀ ਨਿੱਜੀ ਜ਼ਿੰਦਗੀ ਵਿਚ ਇਸਤੇਮਾਲ ਕਰਨਾ ਇਸ ਦਾ ਅਹਿਮ ਅੰਗ ਹੈ। ਦੂਜੇ ਸ਼ਬਦਾਂ ਵਿਚ ਇਸ ਦੇ ਲੁਕੇ ਹੋਏ ਅਰਥਾਂ ਨੂੰ ਭਾਲ ਕੇ ਸਮਝਣਾ ਹੀ ਅਸਲ 'ਪੜ੍ਹਨਾ' ਹੈ ਅਤੇ ਇਹ ਪੜ੍ਹਨ ਅਤੇ ਸਮਝਣ ਦੀ ਪ੍ਰਕਿਰਿਆ ਨਾਲ ਨਾਲ ਹੀ ਹੁੰਦੀ ਹੈ। ਇੱਥੇ ਇਸ ਗੱਲ ਵੱਲ ਧਿਆਨ ਦੇਣਾ ਵੀ ਜ਼ਰੂਰੀ ਹੈ ਕਿ ਭਾਸ਼ਾ ਨੂੰ ਵੀ ਵਿਗਿਆਨਕ ਰੂਪ ਵਿਚ ਸਿੱਖਣਾ/ਸਿਖਾਉਣਾ ਜ਼ਰੂਰੀ ਹੈ। ਵਿਗਿਆਨ ਨੂੰ ਪ੍ਰਯੋਗਾਂ ਰਾਹੀਂ ਕਰ ਕੇ ਦਿਖਾਇਆ ਜਾਂਦਾ ਹੈ, ਉਸੇ ਤਰ੍ਹਾਂ ਭਾਸ਼ਾ ਨੂੰ ਵੀ ਗਤੀਵਿਧੀਆਂ ਰਾਹੀਂ ਰੌਚਕ, ਦਿਲਚਸਪ, ਵਿਕਾਸ ਉਨਮੁੱਖ ਬਣਾਇਆ ਜਾ ਸਕਦਾ ਹੈ। ਗਤੀਵਿਧੀਆਂ (Activities) ਭਾਸ਼ਾ ਦੇ ਬਨਾਵਟੀਪਨ ਨੂੰ ਘੱਟ ਕਰਕੇ ਇਸ ਦੇ ਵਿਹਾਰਕ ਰੂਪ ਨੂੰ ਉਭਾਰਦੀਆਂ ਹਨ, ਨਾਲ ਹੀ ਵਿਦਿਆਰਥੀ ਨੂੰ ਵਿਸ਼ੇ ਪ੍ਰਤੀ ਪ੍ਰੇਰਦੀਆਂ (motivate)

ਹਨ। ਵਿਦਿਆਰਥੀ ਕਿਸੇ ਪ੍ਰਭਾਵ ਅਧੀਨ ਨਹੀਂ, ਸਗੋਂ ਸਵੈ-ਇੱਛਿਆ ਨਾਲ ਸਿੱਖਣ ਦੀ ਕੋਸ਼ਿਸ਼ ਕਰਦਾ ਹੈ।

ਭਾਸ਼ਾ ਅਧਿਆਪਨ ਵਿਚ ਗਾਣੇ, ਚਿੱਤਰ, ਲਘੂ ਕਵਿਤਾਵਾਂ, ਰੋਲ ਪਲੇ, ਸ਼ਬਦਾਂ ਦੀ ਅੰਤਾਕਸ਼ਰੀ ਆਦਿ ਗਤੀਵਿਧੀਆਂ ਦੀ ਵਰਤੋਂ ਕੀਤੀ ਜਾ ਸਕਦੀ ਹੈ।

ਇਹਨਾਂ ਤਕਨੀਕਾਂ ਦੀ ਖਾਸੀਅਤ ਇਹ ਹੈ ਕਿ ਇਹ ਛੋਟੇ ਜਾਂ ਵੱਡੇ ਸਮੂਹਾਂ ਵਿਚ (ਮਿਸ਼ਰਿਤ) ਵੱਖ-ਵੱਖ ਪ੍ਰਤਿਭਾ ਵਾਲੇ ਵਿਦਿਆਰਥੀਆਂ ਨਾਲ ਇਕੋ ਸਮੇਂ ਕੀਤੀਆਂ ਜਾ ਸਕਦੀਆਂ ਹਨ ਅਤੇ ਹਰ ਵਿਦਿਆਰਥੀ ਨੂੰ ਉਸ ਦੀ ਯੋਗਤਾ ਅਨੁਸਾਰ ਸਿੱਖਣ ਦਾ ਮੌਕਾ ਦਿੱਤਾ ਜਾ ਸਕਦਾ ਹੈ। ਇਸ ਵਿਚ ਅਧਿਆਪਕ ਦੀ ਭੂਮਿਕਾ ਅਨੁਦੇਸ਼ਕ (facilitation) ਜਾਂ ਸਹਾਇਕ ਦੀ ਹੁੰਦੀ ਹੈ।

ਪੰਜਾਬੀ ਭਾਸ਼ਾ ਸਿਖਲਾਈ ਲਈ ਕੁਝ ਗਤੀਵਿਧੀਆਂ ਦੇ ਨਮੂਨੇ ਪੇਸ਼ ਕੀਤੇ ਜਾ ਸਕਦੇ ਹਨ।

ਜਮਾਤ ਛੇਵੀਂ ਵਿਚ ਅੱਖਰ ਬਣਾਉਣੇ ਸਿਖਾਉਣ ਲਈ :

1. ਬਲੈਕ ਬੋਰਡ ਤੇ ਦੋ ਵੱਖ-ਵੱਖ ਡੱਬਿਆਂ ਵਿਚ ਅੱਖਰ ਲਿਖ ਕੇ ਵਿਦਿਆਰਥੀਆਂ ਨੂੰ ਸ਼ਬਦ ਬਣਾਉਣ ਲਈ ਕਿਹਾ ਜਾ ਸਕਦਾ ਹੈ। ਜਿਵੇਂ :-




ਕਲ

ਮਤ

ਚਲ

ਪੜ

ਲੜ

ਹਸ ਆਦਿ।

2. ਜਾਂ ਵਿਚਕਾਰ ਇਕ ਅੱਖਰ ਲਿਖ ਕੇ ਆਸ ਪਾਸ ਦੂਜੇ ਅੱਖਰ ਲਿਖ ਕੇ ਨਵੇਂ ਸ਼ਬਦ ਬਣਾਉਣ ਲਈ ਪ੍ਰੇਰਿਆ ਜਾਵੇ। ਸਭ ਤੋਂ ਵਿਚਕਾਰਲੇ ਅੱਖਰ ਨੂੰ ਹਰ ਅੱਖਰ ਨਾਲ ਜੋੜੋ।




ਇਸ ਵਿਚ - ਗਲ, ਟਲ, ਮਲ, ਬਲ, ਚਲ, ਹਲ

ਅੱਗੇ ਵਿਦਿਆਰਥੀ ਕੰਨਾ ਲਗਾ ਕੇ ਨਵੇਂ ਸ਼ਬਦ ਬਣਾ ਸਕਦੇ ਹਨ, ਜਿਵੇਂ :-

ਟਾਲ, ਮਾਲ, ਬਾਲ, ਚਾਲ ਆਦਿ

3. ਸ਼ਬਦਾਂ ਦੀ ਅੰਤਾਕਸ਼ਰੀ

ਇਕ ਅੱਖਰ ਲਿਖਿਆ ਜਾਵੇ ਤੇ ਅੰਤਲੇ ਅੱਖਰ ਤੋਂ ਨਵੇਂ ਸ਼ਬਦ ਬਣਾਏ ਜਾਣ। ਵਿਦਿਆਰਥੀ ਸਹਿਜ ਹੀ ਸ਼ਬਦ ਬੋਲਣ ਭਾਵ ਜੋ ਸ਼ਬਦ ਸਭ ਤੋਂ ਪਹਿਲਾਂ ਦਿਮਾਗ ਵਿਚ ਆਏ। ਸੋਚਣ ਦਾ ਸਮਾਂ ਨਹੀਂ ਲੈਣਾ। ਜਿਵੇਂ :-

ਅਮਰ → ਰਾਤ → ਤਾਰਾ → ਰਾਜਾ → ਜਾਲ → ਲਾਲ

ਆਦਿ।

4. ਵਰਗ ਪਹੇਲੀ

| | | | | |
|---|---|---|---|---|
| ਗਾਂ | ਨ | ਘੋ | ੜਾ | ਸ |
| ਕ | ਗ | ਲੰ | ਬ | ਪ |
| ਥ | ਥੀ | ਠ | ਗੂ | ਸ਼ੇ |
| ਪ | ਙ | ਬਾਂ | ਦ | ਰ |

(ਜਾਨਵਰਾਂ ਦੇ ਨਾਂ ਲੱਭੋ)

5. ਗਿਣਤੀ ਸਿਖਾਉਣ ਲਈ ਪੰਜਾਬੀ ਦੀ ਲੂਡੋ ਬਣਾ ਕੇ ਇਸਤੇਮਾਲ ਕੀਤੀ ਜਾ ਸਕਦੀ ਹੈ।

6. ਵਿਦਿਆਰਥੀ ਦੀ ਮਦਦ ਨਾਲ ਅਧਿਆਪਕ ਪੈਂਤੀ ਅੱਖਰੀ ਅਤੇ ਲਗਾਂ ਮਾਤਰਾਵਾਂ ਦੇ ਦੋ ਸੈੱਟ ਦੇ Cards ਬਣਾ ਕੇ ਉਸ ਨਾਲ ਵੀ ਸ਼ਬਦ ਬਣਾਉਣਾ ਸਿਖਾ ਸਕਦੇ ਹਨ।

7. ਲਗਾਂ ਮਾਤਰਾਵਾਂ ਸਿਖਲਾਉਣ ਲਈ ਇਕੋ ਜਿਹੀ ਮਾਤਰਾਵਾਂ ਵਾਲੇ ਸ਼ਬਦ ਜੋੜ ਕੇ ਲਿਖਵਾਏ ਜਾ ਸਕਦੇ ਹਨ। ਜਿਵੇਂ :-

(ੳ) ਆ + ਲੂ = ਆਲੂ
ਭਾ + ਲੂ = ਭਾਲੂ
ਚਾ + ਲੂ = ਚਾਲੂ
ਤਾ + ਲੂ = ਤਾਲੂ

(ਅ) ਕਾ + ਲਾ = ਕਾਲਾ
ਬਾ + ਲਾ = ਬਾਲਾ
ਤਾ + ਲਾ = ਤਾਲਾ
ਮਾ + ਲਾ = ਮਾਲਾ
ਨਾ + ਲਾ = ਨਾਲਾ
ਚਾ + ਚਾ = ਚਾਚਾ
ਨਾ + ਨਾ = ਨਾਨਾ

(ੲ) ਮੌ + ਜ = ਮੌਜ

ਔ + ਖ = ਔਖ

ਹੌ + ਲੀ = ਹੌਲੀ

ਰੌ + ਲਾ = ਰੌਲਾ

(ਸ) ਮੇ + ਲਾ = ਮੇਲਾ

ਮੈ + ਲਾ = ਮੈਲਾ

ਵੇ + ਦ = ਵੇਦ

ਵੈ + ਦ = ਵੈਦ

ਭੋ + ਗ = ਭੋਗ

ਭੌ + ਰਾ = ਭੌਰਾ

ਵੇ + ਰ = ਵੇਰ

ਵੈ + ਰ = ਵੈਰ

6 ਜੋੜਨਾ ਅਤੇ ਤੋੜਨਾ

ਕ+ਮ+ਲ = ਕਮਲ, ਕਮਲ = ਕ+ਮ+ਲ

ਲ+ੜ+ਕਾ = ਲੜਕਾ, ਦਰਵਾਜ਼ਾ = ਦ+ਰ+ਵਾ+ਜ਼ਾ

7. ਸ਼ਬਦ ਗਿਆਨ ਵਿਚ ਵਾਧੇ ਲਈ

ਕੁਝ ਸਮਾਨਾਰਥਕ ਸ਼ਬਦਾਂ ਦੀ ਸੂਚੀ ਬਣਾਉ। ਉਸ ਵਿਚ ਇਕ ਵੱਖਰਾ ਸ਼ਬਦ (odd) ਰੱਖੋ, ਵਿਦਿਆਰਥੀ ਉਸ ਨੂੰ ਛਾਂਟ ਕੇ ਉਸ ਦੇ ਸਮਾਨਾਰਥਕ ਸ਼ਬਦ ਲੱਭੇ।

ਜਿਵੇਂ :-

1. ਆਮ — ਸਧਾਰਨ, ਮਾਮੂਲੀ, ਖਾਸ ਸਾਮਾਨ

   ਖਾਸ — ਵਿਸ਼ੇਸ਼

2. ਚੰਗਾ — ਵਧੀਆ ਸੁਥਰਾ, ਮਾੜਾ, ਭਲਾ, ਨੇਕ

   ਮਾੜਾ — ਭੈੜਾ, ਬੁਰਾ ਘਟੀਆ, ਬੇਕਾਰ

8. ਅਧੂਰੇ ਵਾਕਾਂ ਨੂੰ ਪੂਰਾ ਕਰਨਾ :-

1. ਕਲ ਮੈਂ ਸਕੂਲ ਨਹੀਂ ਆਇਆ ਕਿਉਂਕਿ ...
2. ਜੇ ਮੈਂ ਪ੍ਰਿੰਸੀਪਲ ਹੁੰਦਾ ...
3. ਅੱਜ ਸਕੂਲ ਵਿੱਚ ...

9. ਵਿਆਕਰਨ—ਨਾਂਵ, ਪੜਨਾਂਵ, ਵਿਸ਼ੇਸ਼ਣ (flash card ਰਾਹੀਂ)

– ਕੁਝ ਫਲੈਸ਼ ਕਾਰਡ ਬਣਾਏ ਜਾਣ ਜਿਸ ਉਪਰ ਨਾਂਵ, ਪੜਨਾਂਵ ਅਤੇ ਵਿਸ਼ੇਸ਼ਣ ਦੇ ਉਦਾਹਰਨ ਲਿਖੇ ਹੋਣ। ਇਕ ਵਿਦਿਆਰਥੀ ਚੁੱਕੇ ਗਏ ਕਾਰਡ ਦੀ ਐਕਟਿੰਗ ਕਰੇ ਅਤੇ ਬਾਕੀ ਉਸ ਨੂੰ ਦੱਸਣ ਦੀ ਕੋਸ਼ਿਸ਼ ਕਰਨ। ਨਾਲ ਹੀ ਉਸ ਸ਼ਬਦ ਦੀ ਸ਼ਬਦ ਸ਼੍ਰੇਣੀ ਵੀ ਦੱਸੀ ਜਾਵੇ।

10. ਨਾਂਵ ਸਿਖਾਉਣ ਲਈ — ਚਿੱਤਰ ਬਣਾ ਕੇ ਅਨੁਮਾਨ ਲਗਾਉਣਾ

ਜਮਾਤ ਦੇ ਵਿਦਿਆਰਥੀਆਂ ਨੂੰ ਦੋ ਉਪ ਸਮੂਹਾਂ ਵਿਚ ਵੰਡ ਕੇ ਦੋ ਟੀਮਾਂ ਬਣਾਈਆਂ ਜਾਣ। ਬਲੈਕ ਬੋਰਡ ਨੂੰ ਵੀ ਦੋ ਭਾਗਾਂ ਵਿਚ ਵੰਡ ਕੇ ਕੁਝ ਫਲੈਸ਼ ਕਾਰਡ ਜਿੰਨ੍ਹਾਂ ਤੇ ਕੁਝ ਨਾਂਵ-ਆਮ, ਖਾਸ, ਵਸਤੂ ਵਾਚਕ ਦੇ ਨਾਂ ਲਿਖ ਲਏ ਜਾਣ। ਦੋਨਾਂ ਟੀਮਾਂ ਤੋਂ ਇਕ-ਇਕ ਵਿਦਿਆਰਥੀ ਨੂੰ ਬੁਲਾ ਕੇ ਇਕੋ ਹੀ ਫਲੈਸ਼ ਕਾਰਡ ਚੁੱਕ ਕੇ ਵਿਦਿਆਰਥੀ ਬਲੈਕ ਬੋਰਡ ਤੇ ਚਿੱਤਰ ਦੇ ਮਾਧਿਅਮ ਰਾਹੀਂ ਆਪਣੀ ਟੀਮ ਨੂੰ ਸਮਝਾਵੇ।

11. ਪਾਸ ਦਾ ਬਾਲ (Pass the ball)

ਜਮਾਤ ਵਿਚ ਇਕ ਬਾਲ (ball) ਹੋਵੇ। ਵਿਦਿਆਰਥੀਆਂ ਨੂੰ ਇਕ ਘੇਰੇ ਵਿਚ ਬਿਠਾਇਆ ਜਾਵੇ। ਵਿਚਕਾਰ ਇਕ ਵਿਦਿਆਰਥੀ ਦੱਸ ਤਕ ਗਿਣਤੀ ਕਰੇ ਤੇ ਬਾਕੀ ਬੱਚੇ ਇੱਕ ਦੂਜੇ ਨੂੰ ਗੇਂਦ ਦਿੰਦੇ ਜਾਣ। ਜਿੱਥੇ ਦੱਸ ਦੀ ਗਿਣਤੀ ਰੁਕੇ ਉੱਥੇ ਵਿਦਿਆਰਥੀ ਨੂੰ ਪੰਜ ਨਾਂਵ, ਪੜਨਾਂਵ, ਵਿਸ਼ੇਸ਼ਣ, ਲੇਖਕਾਂ ਦੇ ਨਾਂ, ਕਵਿਤਾਵਾਂ ਦੇ ਨਾਂ, ਮਹੀਨਿਆਂ ਦੇ ਨਾਂ ਆਦਿ ਬੋਲਣ ਲਈ ਦਿੱਤੇ ਜਾਣ। ਜੇ ਵਿਦਿਆਰਥੀ ਦੱਸ ਸਕੇ ਤਾਂ ਖੇਡ ਅੱਗੇ ਚਲੇ ਤੇ ਜੇ ਨਾ ਦੱਸ ਸਕੇ ਤਾਂ ਉਸ ਨੂੰ ਵਿਚਕਾਰ ਖੜ੍ਹਾ ਕੀਤਾ ਜਾਵੇ।

12. ਨਾਮ, ਸਥਾਨ, ਜਾਨਵਰ, ਵਸਤੂ (Name, Place, Animal, Thing)

ਵਿਦਿਆਰਥੀਆਂ ਨੂੰ ਪੈਂਤੀ ਅੱਖਰੀ ਵਿਚੋਂ ਕੋਈ ਵੀ ਇੱਕ ਅੱਖਰ ਦਿੱਤਾ ਜਾਵੇ। ਉਸ ਤੋਂ ਉਹ ਕਿਸੇ ਵਿਅਕਤੀ ਦਾ ਨਾਂ, ਥਾਂ ਦਾ ਨਾਂ, ਜਾਨਵਰ ਦਾ ਨਾਂ ਅਤੇ ਵਸਤੂ ਦਾ ਨਾਂ ਲਿਖਣ। ਸਭ ਤੋਂ ਪਹਿਲਾਂ ਲਿਖਣ ਵਾਲੇ ਨੂੰ ਸਭ ਤੋਂ ਜ਼ਿਆਦਾ ਅੰਕ ਦਿੱਤੇ ਜਾਣ।

13. (Role Play) ਰੋਲ ਪਲੇ ਕਹਾਣੀਆਂ ਦਾ

ਕਹਾਣੀ ਪੜ੍ਹਾਉਣ ਤੋਂ ਪਹਿਲਾਂ ਕੁਝ ਕੁ ਵਿਦਿਆਰਥੀ ਕਹਾਣੀ ਦੇ ਵਿਸ਼ੇ ਨੂੰ ਜਮਾਤ ਦੇ ਸਾਹਮਣੇ ਪੇਸ਼ ਕਰ ਸਕਦੇ ਹਨ।

ਜਿਵੇਂ :- ਕਹਾਣੀ ਠਾਣੇਦਾਰੀ, ਦਸ ਰੁਪਏ ਦਾ ਅਜੀਬ ਨੋਟ, ਨਿਰਭਉ, ਟੂਣਾ ਆਦਿ।

14. ਇਕ ਛੋਟਾ ਜਿਹਾ ਵੀਡੀਉ (ਹਿੰਦੀ ਜਾਂ ਅੰਗਰੇਜ਼ੀ ਵਿਚ) ਚਲਾ ਕੇ ਵਿਦਿਆਰਥੀ ਉਸ ਦਾ ਪੰਜਾਬੀ ਅਨੁਵਾਦ ਕਰਨ। ਵੀਡੀਉ ਜ਼ਿਆਦਾ ਵੱਡਾ ਨਾ ਹੋਵੇ।

15. ਲਾਟਰੀ

ਨਾਂਵ ਅਤੇ ਕਿਰਿਆ ਸ਼ਬਦਾਂ ਦੀਆਂ ਪਰਚੀਆਂ ਬਣਾਈਆਂ ਜਾਣ। ਵਿਦਿਆਰਥੀ ਦੋਹਾਂ ਵਿਚੋਂ ਇਕ-ਇਕ ਪਰਚੀ ਚੁੱਕ ਕੇ ਇਕ ਵਾਕ ਬਣਾਏ। ਇਸ ਵਿਚ ਸਮੇਂ ਸੀਮਾ ਹੋਵੇ। ਜਿਵੇਂ- 1 ਪਰਚੀ-ਮੋਹਨ, 2. ਪਰਚੀ ਕਿਰਿਆ-ਖਾਂਦਾ। ਵਾਕ :- ਮੋਹਨ ਰੋਟੀ ਖਾਂਦਾ ਹੈ।

2) ਨਾਂਵ – ਆਲੂ ਕਿਰਿਆ – ਖਾਂਦਾ

ਮਿੰਨੀ ਆਲੂ ਸ਼ੌਕ ਨਾਲ ਖਾਂਦੀ ਹੈ।

ਅਜਿਹੀਆਂ ਗਤੀਵਿਧੀਆਂ ਨਾਲ ਅਧਿਐਨ ਤੇ ਅਧਿਆਪਨ ਦੇ ਪਰੰਪਰਾਗਤ ਤਰੀਕੇ ਤੋਂ ਹੱਟ ਕੇ ਵਿਦਿਆਰਥੀ ਖੇਡ ਭਰਪੂਰ ਵਾਤਾਵਰਨ ਵਿਚ ਆਜ਼ਾਦੀ ਨਾਲ ਘੁੰਮ ਫਿਰ ਕੇ ਜਾਗਰੂਕ ਤੇ ਚੇਤੰਨ ਰੂਪ ਵਿਚ ਬਹੁਤ ਕੁਝ ਸਿੱਖ ਸਕਦਾ ਹੈ। ਇਸ ਤਰ੍ਹਾਂ ਵਿਦਿਆਰਥੀਆਂ ਵਿਚ ਪਰਾਵਰਤਕ (reflective) ਤੇ ਗਹਿਨ (critical) ਸੋਚ ਦਾ ਵਿਕਾਸ ਹੋਵੇਗਾ। ਸਿੱਖਿਆ ਦੇ ਗੈਰ ਪ੍ਰਤਿਯੋਗੀ ਰੂਪ ਨੂੰ ਅਸੀਂ ਪੇਸ਼ ਕਰ ਪਾਵਾਂਗੇ। ਵਿਦਿਆਰਥੀ ਸਵੈ-ਇੱਛਾ ਨਾਲ ਵਿਅਕਤੀਗਤ ਵਿਕਾਸ ਲਈ ਪ੍ਰੇਰਿਤ ਹੋਵੇਗਾ। ਨਾ ਕੇਵਲ ਵਿਦਿਆਰਥੀ ਸਗੋਂ ਅਧਿਆਪਕ ਦੀ ਭੂਮਿਕਾ ਵੀ ਕੇਵਲ ਦੱਸਣ ਵਾਲੇ ਦੀ ਥਾਂ ਮਦਦ ਕਰਕੇ ਸਿਖਾਉਣ ਵਾਲੀ, ਦੱਸਣ ਦੀ ਥਾਂ ਪੁੱਛਣ ਵਾਲੀ, ਮੋਨੋਲਾਗ ਤੋਂ ਡਾਇਲਾਗ ਵੱਲ ਦੀ ਯਾਤਰਾ ਵੱਲ ਚਲ ਪਵੇਗੀ।

# ਵਿਆਕਰਨ - ਅਧਿਆਪਨ ਤੇ ਵਿਹਾਰਕ ਰੂਪ

**ਅਰਵਿੰਦਰ ਕੌਰ ਤੇ ਰਾਸ਼ੀ**

ਵਿਆਕਰਨ ਸ਼ਬਦ ਸੁਣਦਿਆਂ ਸਾਰ ਹੀ ਵਿਦਿਆਰਥੀਆਂ ਵਿਚ ਉਕੇਵਾਂ ਅਤੇ ਅਧਿਆਪਕਾਂ ਵਿਚ ਇਸ ਨੂੰ ਪੜ੍ਹਾਉਣ ਲਈ ਅਰੁੱਚੀ ਪੈਦਾ ਹੁੰਦੀ ਹੈ। ਪਰੰਤੂ ਵਿਆਕਰਨ ਕਿਸੇ ਭਾਸ਼ਾ ਦੀ ਰੀੜ੍ਹ ਦੀ ਹੱਡੀ ਹੁੰਦੀ ਹੈ। ਇਸ ਉਪਰ ਉਸ ਦਾ ਵਜੂਦ ਟਿਕਿਆ ਹੁੰਦਾ ਹੈ। ਵਿਆਕਰਨ ਨਾਲ ਹੀ ਭਾਸ਼ਾ ਨੂੰ ਸ਼ੁੱਧ ਰੂਪ ਵਿਚ ਬੋਲਣਾ, ਲਿਖਣਾ ਤੇ ਪੜ੍ਹਨਾ ਸਿਖਿਆ ਜਾ ਸਕਦਾ ਹੈ। ਵਿਆਕਰਨ ਦੇ ਬਿਨਾਂ ਕੋਈ ਵੀ ਭਾਸ਼ਾ ਮੂਰਤ ਰੂਪ ਗ੍ਰਹਿਣ ਨਹੀਂ ਕਰ ਸਕਦੀ। ਵਿਆਕਰਨ ਦੇ ਨੇਮਾਂ ਦੇ ਅਧਾਰ ਤੇ ਹੀ ਲਿਖਤੀ ਅਤੇ ਬੋਲਚਾਲ ਦੀ ਭਾਸ਼ਾ ਵਿਚਕਾਰ ਅੰਤਰ ਕੀਤਾ ਜਾ ਸਕਦਾ ਹੈ।

ਇਸ ਪਰਚੇ ਵਿਚ ਅਸੀਂ ਵਿਆਕਰਨ ਦੇ ਉਹਨਾਂ ਪਹਿਲੂਆਂ ਬਾਰੇ ਚਰਚਾ ਕਰਾਂਗੇ ਜੋ ਅਕਸਰ ਜਮਾਤ ਵਿਚ ਪੜ੍ਹਾਉਂਦਿਆਂ ਭ੍ਰਮਿਤ ਕਰਦੇ ਹਨ। ਇਹ ਅਜਿਹੇ ਪਹਿਲੂ ਹਨ ਜੋ ਅਧਿਐਨ ਅਤੇ ਅਧਿਆਪਨ ਵਿਚ ਸਮੱਸਿਆ ਪੈਦਾ ਕਰਦੇ ਹਨ। ਇਹਨਾਂ ਵਿਸ਼ਿਆਂ ਤੇ ਰੌਸ਼ਨੀ ਪਾਉਂਦੇ ਹੋਏ ਅਸੀਂ ਪੰਜਾਬੀ ਭਾਸ਼ਾ ਅਤੇ ਵਿਆਕਰਨ ਦੀ ਅਧਿਆਪਨ ਵਿਧੀ ਬਾਰੇ ਵੀ ਚਰਚਾ ਕਰਾਂਗੇ।

ਵਿਆਕਰਨ ਸ਼ਬਦ ਯੂਨਾਨੀ ਭਾਸ਼ਾ ਤੋਂ ਲਿਆ ਗਿਆ ਹੈ, ਜਿਸ ਦਾ ਅਰਥ ਹੈ ਵਿਗਿਆਨਕ ਰੂਪ ਵਿਚ ਸ਼ਬਦਾਂ, ਵਾਕੰਸ਼ਾਂ, ਭਾਵਾਂਸ਼ਾਂ ਅਤੇ ਵਾਕਾਂ ਦਾ ਤਰਤੀਬਵਾਰ ਅਧਿਐਨ ਕਰਨਾ।

ਵਿਆਕਰਨ ਦੀ ਪਰਿਭਾਸ਼ਾ ਅਸੀਂ Fromkin ਦੇ ਸ਼ਬਦਾਂ ਵਿਚ ਇਸ ਤਰ੍ਹਾਂ ਸਮਝ ਸਕਦੇ ਹਾਂ :-

"The sounds and sound patterns, the basic units of meanings such as words and the rules to combine them to form new sentences constitutes the grammar of language the rules are internalized and subconsciously learned by native speakers."

ਜਿਥੇ ਬੱਚਾ ਬਚਪਨ ਵਿਚ ਅਚੇਤ ਰੂਪ ਵਿਚ ਭਾਸ਼ਾ ਸਿੱਖ ਜਾਂਦਾ ਹੈ ਉਥੇ ਉਹ ਨਾਲ-ਨਾਲ ਸਿੱਧੇ ਜਾਂ ਅਸਿੱਧੇ ਰੂਪ ਵਿਚ ਭਾਸ਼ਾ ਦੀ ਵਿਆਕਰਨ ਵੀ ਸਿੱਖ ਜਾਂਦਾ ਹੈ। ਵਿਆਕਰਨ ਨਾ ਕੇਵਲ ਸਾਨੂੰ ਪ੍ਰਭਾਵਸ਼ਾਲੀ ਰੂਪ ਵਿਚ ਆਪਣੇ ਮਨੋਭਾਵਾਂ ਨੂੰ ਪ੍ਰਗਟ ਕਰਨ ਦਾ ਅਵਸਰ ਪ੍ਰਦਾਨ ਕਰਦੀ ਹੈ ਸਗੋਂ ਸਾਡੇ ਆਤਮ ਵਿਸ਼ਵਾਸ ਵਿਚ ਵੀ ਵਾਧਾ ਕਰਦੀ ਹੈ। ਇਹ ਸਾਡੀ ਸੰਵਾਦ ਦੀ ਯੋਗਤਾ ਨੂੰ ਨਿਖਾਰਦੀ ਹੈ ਅਤੇ ਭਾਸ਼ਾ ਨੂੰ ਵਿਸ਼ਲੇਸ਼ਣਾਤਮਕ (analytical) ਰੂਪ ਵਿਚ ਵਰਤਨ ਵਿਚ ਸਹਾਈ ਹੁੰਦੀ ਹੈ। ਵਿਆਕਰਨਕ ਭਾਸ਼ਾ ਨੂੰ ਸਮਝਣਯੋਗ ਬਣਾਉਂਦੀ ਹੈ ਅਤੇ ਦੂਜੇ ਪਾਸੇ ਸਾਡੀ ਨਿੱਜੀ ਪਹਿਚਾਨ ਨੂੰ ਵੀ ਨਿਖਾਰਦੀ ਹੈ।

ਭਾਸ਼ਾ ਵਿਗਿਆਨਕ ਪੱਧਰ ਤੇ ਵਿਆਕਰਨ ਦਾ ਹੇਠ ਲਿਖੇ ਦ੍ਰਿਸ਼ਟੀਕੋਣਾਂ ਤੋਂ ਅਧਿਐਨ ਹੁੰਦਾ ਹੈ :-

1. Sound System - Phonology (ਧੁਨੀ ਵਿਉਂਤ)
2. System of Meaning - Semantics (ਅਰਥ ਵਿਗਿਆਨ)
3. Rules of word formation - Morphology (ਰੂਪ ਵਿਗਿਆਨ)
4. Rules of sentence formation - Syntax (ਵਾਕ ਵਿਉਂਤ)
5. Vocabulary of Words - Lexicon (ਕੋਸ਼ਗਤ ਅਰਥ)

ਪਰ ਜਦ ਅਸੀਂ ਸਕੂਲੀ ਪੱਧਰ (ਮਿਡਲ ਤੇ ਸੈਕੰਡਰੀ) ਦੇ ਵਿਆਕਰਨ ਅਧਿਐਨ ਤੇ ਅਧਿਆਪਨ ਦੀ ਗੱਲ ਕਰਦੇ ਹਾਂ ਤਾਂ ਇਸ ਦੇ ਖੇਤਰ ਬਦਲ ਜਾਂਦੇ ਹਨ। ਅਧਿਆਪਕ ਲਈ ਹੇਠ ਲਿਖੇ ਨੁਕਤੇ ਮੁੱਖ ਹੋ ਜਾਂਦੇ ਹਨ:-

1. ਵਿਆਕਰਨ ਪ੍ਰਤੀ ਵਿਦਿਆਰਥੀਆਂ ਦਾ ਕੀ ਦ੍ਰਿਸ਼ਟੀਕੋਣ ਹੈ ?
2. ਵਿਆਕਰਨ ਕਿਉਂ ਅਤੇ ਕਿਵੇਂ ਪੜ੍ਹਾਈ ਜਾਵੇ ?
3. ਭਾਸ਼ਾ ਦੀ ਸਿਖਲਾਈ ਵਿਚ ਵਿਆਕਰਨ ਦੀ ਕੀ ਭੂਮਿਕਾ ਹੈ ?
4. ਵਿਆਕਰਨ ਦੀ ਸਿਖਲਾਈ ਕਦੋਂ ਅਤੇ ਕਿਸ ਪੱਧਰ ਤਕ ਵਿਦਿਆਰਥੀਆਂ ਨੂੰ ਦਿੱਤੀ ਜਾਵੇ ?

ਵਿਆਕਰਨ ਨੂੰ ਪੜ੍ਹਾਉਣ ਦੀਆਂ ਦੋ ਤਕਨੀਕਾਂ/ਜੁਗਤਾਂ ਸਾਹਮਣੇ ਆਉਂਦੀਆਂ ਹਨ ਪਹਿਲੀ ਵਿਧੀ ਹੈ :- ਵਰਣਨਾਤਮਕ (Descripte) ਅਤੇ ਦੂਜੀ ਹੈ ਸੰਦਰਭਿਤ (Prespective)।

ਵਰਣਾਤਮਕ ਵਿਧੀ ਭਾਸ਼ਾ ਵਿਗਿਆਨ ਦਾ ਖੇਤਰ ਹੈ ਜਿਸ ਵਿਚ ਨੇਮਾਂ ਅਤੇ ਪੈਟਰਨਾਂ ਦੀ ਵਰਤੋਂ ਨਾਲ ਸ਼ਬਦਾਂ, ਵਾਕੰਸ਼ਾਂ ਅਤੇ ਵਾਕ ਆਦਿ ਨੂੰ ਸਮਝਣ ਦੀ ਕੋਸ਼ਿਸ਼ ਕਰਦੇ ਹਾਂ। ਇਸ ਵਿਧੀ ਵਿਚ ਵਿਦਿਆਰਥੀ ਨੂੰ ਨੇਮਾਂ ਬਾਰੇ ਦੱਸ ਦਿੱਤਾ ਜਾਂਦਾ ਹੈ ਤੇ ਪੜਚੋਲ ਕਰਨ ਲਈ ਕਿਹਾ ਜਾਂਦਾ ਹੈ। ਦੂਜੇ ਬੰਨੇ ਸੰਦਰਭਿਤ ਵਿਧੀ ਦਾ ਕੇਂਦਰ ਭਾਸ਼ਾ ਦੇ ਇਸਤੇਮਾਲ ਉਪਰ ਜ਼ੋਰ ਦੇਣਾ ਹੁੰਦਾ ਹੈ। ਇਹ ਵਿਧੀ ਸਾਨੂੰ ਸਵਛੰਦਤਾ ਨਾਲ ਨੇਮਾਂ ਨੂੰ ਇਸਤੇਮਾਲ ਕਰਨ ਦੀ ਅਤੇ ਇਹਨਾਂ ਬਾਰੇ ਸੋਚਣ ਦੀ ਖੁੱਲ੍ਹ ਦਿੰਦੀ ਹੈ।

ਸੁਚਾਰੂ ਰੂਪ ਵਿਚ ਵਿਆਕਰਨ ਪੜ੍ਹਾਉਣ ਲਈ ਅਸੀਂ ਦੋਵੇਂ ਤਕਨੀਕਾਂ ਦਾ ਇਸਤੇਮਾਲ ਕਰਦੇ ਹਾਂ। ਅਜੋਕੇ ਵਿਦਿਆਰਥੀ ਕੇਂਦਰਿਤ ਸਿਖਲਾਈ ਵਿਧੀ ਵਿਚ ਜ਼ਿਆਦਾਤਰ ਵਿਆਕਰਨ ਪੜ੍ਹਾਉਣ ਲਈ ਸੰਦਰਭਿਤ ਵਿਧੀ ਦਾ ਹੀ ਪ੍ਰਯੋਗ ਕੀਤਾ ਜਾਂਦਾ ਹੈ। ਜਿਵੇਂ :- ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ, ਸੰਬੰਧਕ, ਯੋਜਕ ਤੇ ਵਿਸਰਾਮ ਚਿੰਨ੍ਹ ਪੜ੍ਹਾ ਸਕਦੇ ਹਾਂ।

ਪਰ ਕੁਝ ਵਿਸ਼ੇ ਜਿਵੇਂ :- ਅਗੇਤਰ, ਪਿਛੇਤਰ, ਅਖਾਣ ਤੇ ਮੁਹਾਵਰੇ ਪੜ੍ਹਾਉਣ ਤੇ ਸਿਖਾਉਣ ਲਈ ਵਰਣਨਾਤਮਕ ਵਿਧੀ ਦਾ ਇਸਤੇਮਾਲ ਕਰ ਸਕਦੇ ਹਾਂ।

ਇਹਨਾਂ ਵਿਧੀਆਂ ਨਾਲ ਵਿਆਕਰਨ ਦੀ ਸਿਖਲਾਈ ਸਮਗਰੀ ਅਧਾਰਤ (Content-based), ਅਰਥ ਭਰਪੂਰ (meaningful), ਸੰਦਰਭਿਤ (Contextualized) ਅਤੇ ਵਾਕ ਅਧਾਰਤ ਨਾ ਹੋ ਕੇ ਡਿਸਕੋਰਸ (Discourse) ਅਧਾਰਤ ਹੋ ਜਾਂਦੀ ਹੈ।

ਇਸ ਚਰਚਾ ਨੂੰ ਅੱਗੇ ਵਧਾਉਂਦਿਆਂ ਪੰਜਾਬੀ ਭਾਸ਼ਾ ਦੀ ਵਿਆਕਰਨ ਦੀਆਂ ਇਕਾਈਆਂ ਦੀ ਚਰਚਾ ਕਰਾਂਗੇ।

ਪੰਜਾਬੀ ਵਿਆਕਰਨ ਵਿਚ ਸਾਡਾ ਸਭ ਤੋਂ ਪਹਿਲਾ ਸਰੋਕਾਰ ਸ਼ਬਦ ਬੋਧ ਅਤੇ ਸ਼ਬਦ ਰਚਨਾ ਨਾਲ ਹੁੰਦਾ ਹੈ। 'ਸ਼ਬਦ' ਕਿਸੇ ਭਾਸ਼ਾ ਦੀ ਬੁਨਿਆਦੀ ਅਤੇ ਲਘੂਤਮ ਇਕਾਈ ਹੈ। ਇਹ ਸਾਰਥਕ ਅਤੇ ਸੁਤੰਤਰ ਧੁਨੀਆਂ ਦਾ ਅਜਿਹਾ ਸਮੂਹ ਹੈ ਜਿਸ ਨਾਲ ਸਰੋਤੇ ਅਤੇ ਪਾਠਕ ਤੱਕ ਅਰਥ ਭਰਪੂਰ ਸੰਚਾਰ ਕੀਤਾ ਜਾ ਸਕਦਾ ਹੈ।

ਬਲੂਮਫੀਲਡ (Bloomfield) ਨੇ ਇਸ ਨੂੰ ‘minimal free form’ ਵਜੋਂ ਸਥਾਪਿਤ ਕੀਤਾ। ਰੂਪ ਵਿਗਿਆਨੀਆਂ ਨੇ ਵੀ ਸ਼ਬਦ ਨੂੰ ਕੇਂਦਰੀ ਬਿੰਦੂ ਮੰਨਿਆ ਹੈ। ਜਦੋਂ ਅਸੀਂ ਸ਼ਬਦ ਸ਼੍ਰੇਣੀਆਂ ਜਾਂ ਸ਼ਬਦ ਰਚਨਾ ਬਾਰੇ ਗੱਲ ਕਰਦੇ ਹਾਂ ਤਾਂ ਇਸ ਦਾ ਵਰਗੀਕਰਨ ਕਈ ਅਧਾਰਾਂ ਤੇ ਕੀਤਾ ਜਾਂਦਾ ਹੈ।

1. ਰਚਨਾ ਦੀ ਦ੍ਰਿਸ਼ਟੀ
   - ਮੂਲ ਸ਼ਬਦ
   - ਰਚਿਤ ਸ਼ਬਦ
     - ਸਮਾਸੀ ਸ਼ਬਦ
     - ਉਤਪੰਨ ਸ਼ਬਦ
       - ਅਗੇਤਰ
       - ਪਿਛੇਤਰ
2. ਅਰਥ ਦੀ ਦ੍ਰਿਸ਼ਟੀ ਤੋਂ
   - ਸਾਰਥਕ
   - ਨਿਰਾਰਥਕ
3. ਉਤਪਤੀ ਦੀ ਦ੍ਰਿਸ਼ਟੀ ਤੋਂ
   - ਤਤਸਮ
   - ਤਦਭਵ
   - ਦੇਸੀ
   - ਵਿਦੇਸੀ
4. ਰੂਪਾਂਤਰਨ ਦੀ ਦ੍ਰਿਸ਼ਟੀ ਤੋਂ
   - ਵਿਕਾਰੀ
   - ਅਵਿਕਾਰੀ

ਇਸ ਪਰਚੇ ਦਾ ਸਰੋਕਾਰ ਰਚਨਾ ਦੀ ਦ੍ਰਿਸ਼ਟੀ ਤੋਂ ਅਤੇ ਅਰਥ ਦੀ ਦ੍ਰਿਸ਼ਟੀ ਤਕ ਹੀ ਸੀਮਿਤ ਕਰਾਂਗੇ। ਰਚਨਾ ਦੀ ਦ੍ਰਿਸ਼ਟੀ ਤੋਂ ਦੋ ਪ੍ਰਕਾਰ ਦੇ ਸ਼ਬਦ ਹੁੰਦੇ ਹਨ :-

1. ਮੂਲ ਅਤੇ
2. ਰਚਿਤ

**ਮੂਲ ਸ਼ਬਦ** ਆਪਣੇ ਆਪ ਵਿਚ ਇਕ ਪੂਰਨ ਇਕਾਈ ਹੁੰਦੇ ਹਨ। ਇਸ ਨੂੰ ਹੋਰ ਵੰਡਿਆ ਨਹੀਂ ਜਾ ਸਕਦਾ। ਭਾਵ ਇਸ ਦੀ ਬਣਤਰ ਵਿਚ ਕਿਸੇ ਹੋਰ ਸ਼ਬਦ/ਸ਼ਬਦਾਂਸ਼ ਦਾ ਮੇਲ ਨਹੀਂ ਕੀਤਾ ਜਾ ਸਕਦਾ। ਜਿਵੇਂ :- ਚੰਗਾ, ਸੁੱਖ, ਡਰ, ਫਲ ਆਦਿ।

ਇਥੇ ਧਿਆਨ ਦੇਣ ਯੋਗ ਗੱਲ ਇਹ ਹੈ ਕਿ ਵਿਹਾਰਕ ਰੂਪ ਵਿਚ ਇਸ ਦੀ ਸਿਖਲਾਈ ਦੌਰਾਨ ਵਿਦਿਆਰਥੀ ਨੂੰ ਇਹ ਦੱਸਣ ਲਾਜ਼ਮੀ ਹੋ ਜਾਂਦਾ ਹੈ ਕਿ ਮੂਲ ਸ਼ਬਦ ਦੀ ਪਹਿਚਾਨ ਕਿਵੇਂ ਕੀਤੀ ਜਾਵੇ ਅਤੇ ਉਸ ਨੂੰ ਰਚਿਤ ਸ਼ਬਦਾਂ ਤੋਂ ਕਿਵੇਂ ਵੱਖ ਕੀਤਾ ਜਾ ਸਕਦਾ ਹੈ। ਜਿਵੇਂ :- ਵਿਦਿਆਰਥੀ ਨੂੰ ਇਕ ਸ਼ਬਦ ‘ਝਾੜੂ’ ਦਿੱਤਾ ਜਾਵੇ। ਫਿਰ ਉਸ ਤੋਂ ਪੁੱਛਿਆ ਜਾਵੇ ਕੀ ਅਸੀਂ ਇਸ ਸ਼ਬਦ ਨੂੰ ਸਾਰਥਕ ਇਕਾਈਆਂ ਵਿਚ ਤੋੜ ਸਕਦੇ ਹਾਂ ?

ਕਿ ਝਾ ਜਾਂ ਤੂ (ਧੁਨੀਆਂ) ਦਾ ਆਪਣਾ ਕੋਈ ਅਰਥ ਹੈ ?

ਫਿਰ ਇਸ ਗੱਲ ਨੂੰ ਦ੍ਰਿੜ ਕੀਤਾ ਜਾਵੇ ਕਿ ਉਹ ਸ਼ਬਦ ਜਿਸ ਨੂੰ ਤੋੜਿਆ ਨਹੀਂ ਜਾ ਸਕਦਾ ਮੂਲ ਸ਼ਬਦ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਇਸ ਗੱਲ ਨੂੰ ਸਮਝਣ ਉਪਰੰਤ ਹੀ ਵਿਦਿਆਰਥੀ ਰਚਿਤ ਅਤੇ ਮੂਲ ਸ਼ਬਦਾਂ ਨਾਲ ਰੂ-ਬ-ਰੂ ਹੋ ਸਕਣਗੇ।

**ਰਚਿਤ ਸ਼ਬਦ :** ਅਜਿਹੇ ਸ਼ਬਦ ਜੋ ਮੂਲ ਸ਼ਬਦਾਂ ਦੀ ਸਹਾਇਤਾ ਨਾਲ ਰਚੇ ਜਾਣ ਉਹਨਾਂ ਨੂੰ 'ਰਚਿਤ ਸ਼ਬਦ' ਕਿਹਾ ਜਾਂਦਾ ਹੈ। ਜਿਵੇਂ :- ਰੁੱਖ ਤੋਂ ਰੁੱਖਾਂ, ਸੁੱਖ ਤੋਂ ਸੁੱਖੀ, ਮੱਝ ਤੋਂ ਮੱਝਾਂ ਆਦਿ।

ਅੱਗੇ ਇਸ ਦਾ ਵਰਗੀਕਰਨ ਸਮਾਸੀ ਅਤੇ ਉਤਪੰਨ ਸ਼ਬਦਾਂ ਵਿਚ ਹੁੰਦਾ ਹੈ।

**ਸਮਾਸੀ ਸ਼ਬਦ :** ਇਹ ਸ਼ਬਦ ਦੋ ਜਾਂ ਦੋ ਤੋਂ ਵੱਧ ਮੂਲ ਸ਼ਬਦਾਂ ਦੇ ਮੇਲ ਤੋਂ ਬਣਦੇ ਹਨ। ਇਸ ਵਿਚ ਜੋੜਨੀ (-) ਦਾ ਲਾਜ਼ਮੀ ਪ੍ਰਯੋਗ ਕੀਤਾ ਜਾਂਦਾ ਹੈ।

ਜਿਵੇਂ :-

| | | |
|---|---|---|
| ਮਾਤਾ ਅਤੇ ਪਿਤਾ | — | ਮਾਤਾ-ਪਿਤਾ |
| ਪਰਜਾ ਦਾ ਤੰਤਰ | — | ਪਰਜਾ-ਤੰਤਰ |
| ਪੁਸਤਕਾਂ ਦਾ ਘਰ | — | ਪੁਸਤਕ-ਘਰ |
| ਲੋਕਾਂ ਦੀ ਭਲਾਈ | — | ਲੋਕ-ਭਲਾਈ |

**ਉਤਪੰਨ ਸ਼ਬਦ :** ਜਿਹੜੇ ਸ਼ਬਦ ਮੂਲ ਸ਼ਬਦਾਂ ਨਾਲ ਅਗੇਤਰ ਜਾਂ ਪਿਛੇਤਰ ਲਗਾ ਕੇ ਬਣਾਏ ਜਾਣ ਉਹਨਾਂ ਨੂੰ 'ਉਤਪੰਨ ਸ਼ਬਦ' ਕਿਹਾ ਜਾਂਦਾ ਹੈ।

| | **ਅਗੇਤਰ** | **+** | **ਮੂਲ** | |
|---|---|---|---|---|
| 1. | ਅ | + | ਸਥਿਰ | = ਅਸਥਿਰ |
| 2. | ਕੁ | + | ਮੱਤ | = ਕੁਮੱਤ |

| | **ਮੂਲ** | **+** | **ਪਿਛੇਤਰ** | |
|---|---|---|---|---|
| 1. | ਦਇਆ | + | ਲ | = ਦਇਆਲ |
| 2. | ਸੰਗ | + | ਈ | = ਸੰਗੀ |

| | **ਅਗੇਤਰ** | **+** | **ਮੂਲ** | **+** | **ਪਿਛੇਤਰ** | |
|---|---|---|---|---|---|---|
| 1. | ਨਿਰ | + | ਲੇਪ | + | ਈ | = ਨਿਰਲੇਪੀ |
| 2. | ਅਣ | + | ਵਿਆਹ | + | ਈਆਂ | = ਅਣਵਿਆਹੀਆਂ |
| 3. | ਅ | + | ਸਥਿਰ | + | ਤਾ | = ਅਸਥਿਰਤਾ |
| 4. | ਅਣ | + | ਗਿਣ | + | ਤ | = ਅਣਗਿਣਤ |

ਅਗੇਤਰ-ਪਿਛੇਤਰ ਕਰਵਾਉਂਦਿਆਂ ਇਸ ਗੱਲ ਉਪਰ ਜ਼ੋਰ ਦੇਣਾ ਜ਼ਰੂਰੀ ਹੈ ਕਿ ਜਿਨ੍ਹਾਂ ਸ਼ਬਦਾਂ ਨਾਲ ਅਗੇਤਰ ਜਾਂ ਪਿਛੇਤਰ ਜੋੜੇ ਜਾਣ ਉਹ ਸਾਰਥਕ ਮੂਲ ਸ਼ਬਦ ਹੀ ਹੋਣ। ਇਥੇ ਵਿਦਿਆਰਥੀ ਦੀ ਮੂਲ ਸ਼ਬਦਾਂ ਦੀ ਪਕੜ ਮਜਬੂਤ ਹੋਣੀ ਜ਼ਰੂਰੀ ਹੈ ਨਹੀਂ ਤਾਂ ਉਹ ਮੂਲ ਸ਼ਬਦਾਂ ਨੂੰ ਹੀ ਨਿਰਾਰਥਕ ਬਣਾ ਦਿੰਦੇ ਹਨ। ਜਿਵੇਂ :-

ਕੁ ਅਗੇਤਰ ਨਾਲ ਕੁੱਤਾ
ਊ ਪਿਛੇਤਰ ਨਾਲ ਪੇਂਡੂ
ਏਰਾ ਪਿਛੇਤਰ ਨਾਲ ਹਨੇਰਾ
ਲਾ ਪਿਛੇਤਰ ਨਾਲ ਠੇਲਾ ਆਦਿ।

## II ਅਰਥ ਦੀ ਦ੍ਰਿਸ਼ਟੀ ਤੋਂ ਸਾਰਥਕ ਅਤੇ ਨਿਰਾਰਥਕ ਸ਼ਬਦ

ਨਿਰਾਰਥਕ ਸ਼ਬਦ—ਜਿਨ੍ਹਾਂ ਸ਼ਬਦਾਂ ਦਾ ਕੋਈ ਅਰਥ ਨਾ ਹੋਵੇ ਉਹਨਾਂ ਨੂੰ ਨਿਰਾਰਥਕ ਸ਼ਬਦ ਕਹਿੰਦੇ ਹਨ। ਇਹ ਸ਼ਬਦ ਆਮ ਤੌਰ ਤੇ ਬੋਲਚਾਲ ਦੀ ਭਾਸ਼ਾ ਵਿਚ ਸਾਰਥਕ ਸ਼ਬਦਾਂ ਨਾਲ ਪ੍ਰਯੋਗ ਕਰ ਲਏ ਜਾਂਦੇ ਹਨ। ਜਿਵੇਂ :- ਰੋਟੀ ਰਾਟੀ, ਪਾਣੀ ਵਾਣੀ, ਆਦਿ।

**ਸਾਰਥਕ ਸ਼ਬਦ :**

ਅਰਥ ਭਰਪੂਰ ਸ਼ਬਦਾਂ ਨੂੰ ਸਾਰਥਕ ਸ਼ਬਦਾਂ ਦੀ ਸ਼੍ਰੇਣੀ ਵਿਚ ਰੱਖਿਆ ਜਾਂਦਾ ਹੈ। ਸਾਰਥਕ ਸ਼ਬਦਾਂ ਨੂੰ ਜੋੜ ਕੇ ਹੀ ਵਾਕ ਬਣਾਏ ਜਾਂਦੇ ਹਨ। ਵਾਕ ਵਿਚ ਹਰ ਸਾਰਥਕ ਸ਼ਬਦ ਦਾ ਆਪਣਾ ਇਕ ਖਾਸ ਕਾਰਜ ਹੁੰਦਾ ਹੈ। ਅਰਥ ਦੇ ਅਧਾਰ ਉਤੇ ਭਾਵ ਵਾਕ ਵਿਚ ਆਏ ਸਾਰਥਕ ਸ਼ਬਦਾਂ ਨੂੰ ਉਹਨਾਂ ਦੇ ਕਾਰਜ ਦੇ ਪੱਖ ਤੋਂ ਸ਼ਬਦਾਂ ਦੀਆਂ ਸ਼੍ਰੇਣੀਆਂ ਬਣਾਈਆਂ ਜਾਂਦੀਆਂ ਹਨ। ਪੰਜਾਬੀ ਦੀਆਂ 8 ਸ਼ਬਦ ਸ਼੍ਰੇਣੀਆਂ ਹਨ :-

ਸ਼ਬਦ ਸ਼੍ਰੇਣੀਆਂ
- ਨਾਂਵ
- ਪੜਨਾਂਵ
- ਵਿਸ਼ੇਸ਼ਣ
- ਕਿਰਿਆ
- ਕਿਰਿਆ ਵਿਸ਼ੇਸ਼ਣ
- ਸੰਬੰਧਕ
- ਯੋਜਕ
- ਵਿਸਮਿਕ

ਇਹਨਾਂ ਵਿਆਕਰਨ ਇਕਾਈਆਂ ਬਾਰੇ ਅਧਿਆਪਕ ਅਤੇ ਵਿਦਿਆਰਥੀ ਪਹਿਲਾਂ ਹੀ ਵਾਕਫੀਅਤ/ਜਾਣਕਾਰੀ ਰੱਖਦੇ ਹਨ ਇਥੇ ਅਸੀਂ ਕੇਵਲ ਉਹਨਾਂ ਵਿਆਕਰਨਕ ਇਕਾਈ ਨੂੰ ਵਿਚਾਰ ਅਧੀਨ ਲਿਆਵਾਂਗੇ, ਜਿਹਨਾਂ ਵਿਚ ਟੱਪਲਾ ਖਾਣ ਦੀ ਗੁੰਜਾਇਸ਼ ਹੁੰਦੀ ਹੈ। ਉਹ ਹਨ ਵਿਸ਼ੇਸ਼ਣ, ਕਿਰਿਆ, ਕਿਰਿਆ ਵਿਸ਼ੇਸ਼ਣ, ਸੰਬੰਧਕ ਅਤੇ ਯੋਜਕ।

ਇਸ ਵਿਚ ਸਭ ਤੋਂ ਪਹਿਲਾਂ ਅਸੀਂ **ਵਿਸ਼ੇਸ਼ਣ** ਬਾਰੇ ਗੱਲ ਕਰ ਰਹੇ ਹਾਂ ਜਿਹੜਾ ਸ਼ਬਦ ਨਾਂਵ ਜਾਂ ਪੜਨਾਂਵ ਦੀ ਵਿਸ਼ੇਸ਼ਤਾ ਦਰਸਾਏ ਉਸਨੂੰ ਵਿਸ਼ੇਸ਼ਣ ਕਿਹਾ ਜਾਂਦਾ ਹੈ। ਜਿਵੇਂ ਵੱਡਾ ਮੁੰਡਾ, ਦਸ ਬੱਕਰੀਆਂ, ਠੰਡਾ ਪਾਣੀ, ਖਾਲੀ ਬੋਤਲ ਆਦਿ। ਇਹਨਾਂ ਵਿਚ ਵੱਡਾ, ਦਸ, ਠੰਢਾ, ਖਾਲੀ ਆਦਿ ਵਿਸ਼ੇਸ਼ਣ ਹਨ।

ਵਿਸ਼ੇਸ਼ਣ ਦੀ ਵਰਤੋਂ ਕਰਨ ਵੇਲੇ, ਵਿਦਿਆਰਥੀਆਂ ਨੂੰ ਕੁਝ ਜਰੂਰੀ ਗੱਲ ਨੂੰ ਧਿਆਨ ਵਿਚ ਰੱਖਣਾ ਸਿਖਾਇਆ ਜਾਵੇ। ਜਿਵੇਂ :-

1. ਵਿਸ਼ੇਸ਼ਣ ਤੇ ਵਿਸ਼ੇਸ਼ ਦੀ ਜਾਣਕਾਰੀ।
2. ਕੁਝ ਵਿਸ਼ੇਸ਼ਣ ਨਾਂਵ ਤੋਂ ਪਹਿਲਾਂ ਆਉਂਦੇ ਹਨ। (Attributive ਵਰਤੋਂ) ie ਮਿੱਠਾ ਪਾਣੀ।

3. ਕੁਝ ਵਿਸ਼ੇਸ਼ਣ ਨਾਂਵ ਤੋਂ ਬਾਅਦ ਆਉਂਦੇ ਹਨ। (Predicative ਵਰਤੋਂ) ਇਹ ਪਾਣੀ ਮਿੱਠਾ ਹੈ।
4. ਵਿਸ਼ੇਸ਼ਣ ਜਿਹਨਾਂ ਦੇ ਅੰਤ ਵਿਚ (ਅ) ਆਵੇ ਅਤੇ (ਪੁਲਿੰਗ) ਹੋਵਣ ਉਹ ਵਚਨ ਅਤੇ ਲਿੰਗ ਦੇ ਆਧਾਰ ਤੇ ਬਦਲਦੇ ਹਨ। ਜਿਵੇਂ :-

   ਮੋਟਾ ਮੁੰਡਾ, ਮੋਟੇ ਮੁੰਡੇ।
5. ਵਿਸ਼ੇਸ਼ਣ ਜਿਹਨਾਂ ਦੇ ਅੰਤ ਵਿਚ ਨਹੀਂ ਆਉਂਦੇ ਅਤੇ ਨਾਸਕੀ (cardinal) ਹੋਣ ਉਹਨਾਂ ਦੇ ਵਿਚ ਲਿੰਗ ਅਤੇ ਵਚਨ ਦੇ ਆਧਾਰ ਤੇ ਕੋਈ ਬਦਲਾਵ ਨਹੀਂ ਆਉਂਦਾ। ਜਿਵੇਂ :-

   ਲਾਲ ਕਾਪੀ, ਲਾਲ ਕਾਪੀਆਂ
6. ਵਿਸ਼ੇਸ਼ਣ ਤੇ ਨਾਂਵ ਦੇ ਵਿਚਾਲੇ ਕਦੇ ਜੋੜਨੀ ਦਾ ਪ੍ਰਯੋਗ ਨਹੀਂ ਹੁੰਦਾ। ਜਿਵੇਂ :- ਉਸਾਰੂ-ਪ੍ਰੋਗਰਾਮ ਵਿਚ ਜੋੜਨੀ ਦਾ ਪ੍ਰਯੋਗ ਗਲਤ ਹੈ।

ਪਰ ਜਦ ਇਕ ਤੋਂ ਵੱਧ ਵਿਸ਼ੇਸ਼ਣ ਕਿਸੇ ਇਕੋ ਲਈ ਵਰਤੇ ਜਾਣ ਤਾਂ ਉਥੇ ਕਾਮੇ ਦਾ ਇਸਤੇਮਾਲ ਹੁੰਦਾ ਹੈ। ਜਿਵੇਂ :- ਉਸਾਰੂ, ਲਾਭਦਾਇਕ ਪ੍ਰੋਗਰਾਮ।

## ਕਿਰਿਆ

ਉਹ ਸ਼ਬਦ ਜੋ ਵਾਕ ਵਿਚ ਕੁਝ ਕਰਨ, ਹੋਣ, ਵਾਪਰ ਆਦਿ ਦਾ ਬੋਧ ਕਰਵਾਉਂਦੇ ਹਨ ਕਿਰਿਆ ਅਖਵਾਉਂਦੇ ਹਨ। ਜਿਵੇਂ :- ਲਿਖਣਾ, ਪੜ੍ਹਨਾ, ਸੌਣਾ, ਰੋਣਾ ਆਦਿ।

ਕਿਰਿਆ ਬਾਰੇ ਦੱਸਣ ਤੋਂ ਪਹਿਲਾਂ ਜਮਾਤ ਵਿਚ ਕਰਤਾ ਅਤੇ ਕਰਮ ਬਾਰੇ ਵੀ ਚਰਚਾ ਕਰਨੀ ਜ਼ਰੂਰੀ ਹੈ ਕਿਉਂਕਿ ਕਿਰਿਆ ਇਹਨਾਂ ਦੋਵਾਂ ਦੇ ਸੰਦਰਭ ਤੋਂ ਨਹੀਂ ਸਮਝੀ ਜਾ ਸਕਦੀ। ਵਾਕ ਵਿਚ ਕੰਮ ਕਰਨ ਵਾਲੇ ਨੂੰ ਕਰਤਾ ਕਹਿੰਦੇ ਹਨ ਅਤੇ ਕਰਤਾ ਦੁਆਰਾ ਜੋ ਕੰਮ ਹੋ ਰਿਹਾ ਹੈ ਉਹ ਕਿਰਿਆ ਹੁੰਦੀ ਹੈ, ਕਿਰਿਆ ਦਾ ਪ੍ਰਭਾਵ ਜਿਸ ਚੀਜ਼ ਉੱਤੇ ਪੈਂਦਾ ਹੈ, ਉਸਨੂੰ ਕਰਮ ਕਹਿੰਦੇ ਹਨ।

ਜਿਵੇਂ :- ਗੀਤਾ ਕਿਤਾਬ ਪੜ੍ਹਦੀ ਹੈ।

↓ ↓ ↓

ਕਰਤਾ ਕਰਮ ਕਿਰਿਆ

* ਅੱਗੇ ਇਸ ਦੇ ਭੇਦ ਅਕਰਮਕ ਅਤੇ ਸਕਰਮਕ ਬਾਰੇ ਚਰਚਾ ਕੀਤੀ ਜਾਵੇ।

* ਕਿਉਂਕਿ ਕਿਰਿਆ ਦਾ ਸੰਬੰਧ ਸਮੇਂ ਨਾਲ ਹੈ ਤਾਂ ਇਸ ਦੇ ਨਾਲ ਤਿੰਨਾਂ ਕਾਲਾਂ—ਭੂਤ, ਵਰਤਮਾਨ ਤੇ ਭਵਿੱਖ ਬਾਰੇ ਗੱਲ ਕਰਨਾ ਵੀ ਜ਼ਰੂਰੀ ਹੋ ਜਾਂਦਾ ਹੈ।

* ਕਿਰਿਆ ਕਰਤਾ ਦੇ ਅਨੁਸਾਰ ਚਲਦੀ ਹੈ। ਜਿਵੇਂ :-

* ਕੁੜੀ ਪੜ੍ਹ ਰਹੀ ਹੈ। * ਕੁੜੀਆਂ ਪੜ੍ਹ ਰਹੀਆਂ ਹਨ।

* ਮੁੰਡਾ ਪੜ੍ਹ ਰਿਹਾ ਹੈ। * ਮੁੰਡੇ ਪੜ੍ਹ ਰਹੇ ਹਨ।

ਇਸਲਈ ਵਿਦਿਆਰਥੀਆਂ ਨੂੰ ਦੱਸਿਆ ਜਾਵੇ ਕਿ ਕਰਤੇ ਦੇ ਹਿਸਾਬ ਨਾਲ ਲਿੰਗ ਅਤੇ ਵਚਨ ਅਧਾਰਿਤ ਹੁੰਦਾ ਹੈ।

ਪਰੰਤੂ ਕੁਝ ਥਾਵਾਂ ਤੇ ਕਿਰਿਆ ਵਿਚ ਕਰਮ ਤੇ ਲਿੰਗ ਵਚਨ ਅਨੁਸਾਰ ਵੀ ਤਬਦੀਲੀ ਆਉਂਦੀ ਹੈ। ਜਿਵੇਂ :-

* ਮੁੰਡੇ ਨੇ ਰੋਟੀ ਖਾਧੀ
* ਕੁੜੀ ਨੇ ਪਰੌਂਠਾ ਖਾਧਾ।

## ਕਿਰਿਆ ਵਿਸ਼ੇਸ਼ਣ

ਜਿਹੜੇ ਸ਼ਬਦ ਕਿਰਿਆ ਦੀ ਵਿਸ਼ੇਸ਼ਤਾ ਪ੍ਰਗਟ ਕਰਦੇ ਹਨ ਅਤੇ ਕਿਰਿਆ ਦੇ ਹੋਣ, ਕਰਨ, ਢੰਗ, ਸਥਾਨ ਅਤੇ ਸਮੇਂ ਬਾਰੇ ਦੱਸਣ ਕਿਰਿਆ ਵਿਸ਼ੇਸ਼ਣ ਦੀ ਸ਼੍ਰੇਣੀ ਵਿਚ ਆਉਂਦੇ ਹਨ। ਇਥੇ ਇਕ ਨੁਕਤੇ ਨੂੰ ਵਿਦਿਆਰਥੀਆਂ ਨਾਲ ਸਾਂਝਾ ਜ਼ਰੂਰ ਕੀਤਾ ਜਾਵੇ ਕਿ ਅੰਗਰੇਜ਼ੀ ਵਿਚ ਵਿਸ਼ੇਸ਼ਣ, ਕਿਰਿਆ ਅਤੇ ਦੂਜੇ ਕਿਰਿਆ ਵਿਸ਼ੇਸ਼ਣ ਦੀ ਵਿਸ਼ੇਸ਼ਤਾ ਦੱਸਣ ਵਾਲੇ ਸ਼ਬਦ ਕਿਰਿਆ ਵਿਸ਼ੇਸ਼ਣ (Adverb) ਹੁੰਦੇ ਹਨ ਪਰ ਪੰਜਾਬੀ ਜਾਂ ਹਿੰਦੀ ਵਿਚ ਨਹੀਂ। ਜਿਵੇਂ :- (ਪੰਜਾਬੀ) ਕਿਰਨ ਹੌਲੀ-ਹੌਲੀ ਤੁਰਦੀ ਹੈ।

(ਅੰਗਰੇਜ਼ੀ) You are quite right.

ਮੁੱਖ ਰੂਪ ਵਿਚ ਕਿਰਿਆ ਵਿਸ਼ੇਸ਼ਣ ਕਦ, ਕਿਵੇਂ, ਕਿਸ ਤਰ੍ਹਾਂ, ਕਿਥੇ, ਕਿੰਨਾਂ (How much / to what extent) ਅਜਿਹੇ ਸਵਾਲਾਂ ਦੇ ਜਵਾਬ ਦੱਸਦਾ ਹੈ।




## ਸੰਬੰਧਕ ਅਤੇ ਯੋਜਕ

ਸੰਬੰਧਕ ਨੂੰ ਅਸੀਂ ਇੰਝ ਪਰਿਭਾਸ਼ਿਤ ਕਰਦੇ ਹਾਂ :-

ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਦਾ ਵਾਕ ਦੇ ਬਾਕੀ ਸ਼ਬਦਾਂ ਨਾਲ ਸੰਬੰਧ ਦੱਸਣ ਜਾਂ ਦਰਸਾਉਣ ਵਾਲੇ ਸ਼ਬਦ। ਜਿਵੇਂ :-

1) ਇਹ ਰਾਮ ਦਾ ਪੈੱਨ ਹੈ।

ਇਸ ਵਾਕ ਵਿਚ 'ਦਾ' ਸੰਬੰਧਕ ਹੈ। ਜੇ ਅਸੀਂ ਇਸ ਸ਼ਬਦ ਨੂੰ ਹਟਾ ਦੇਈਏ ਤਾਂ ਵਾਕ ਦੀ ਬਣਤਰ ਖਿੰਡ ਜਾਏਗੀ। ਇਸਲਈ ਦੇਖਣ ਨੂੰ ਇਹ ਛੋਟੀ ਜਿਹੀ ਇਕਾਈ ਹੈ ਪਰ ਵਾਕ ਦੀ ਬਣਤਰ ਵਿਚ ਇਸ ਦਾ ਅਹਿਮ ਰੋਲ ਹੈ। ਪੰਜਾਬੀ ਭਾਸ਼ਾ ਦੇ ਸ਼ੁੱਧ ਲਿਖਤੀ ਰੂਪ ਲਈ ਇਸ ਦੀ ਥਾਂ ਸਿਰ ਵਰਤੋਂ ਕਰਨਾ ਬਹੁਤ ਜ਼ਰੂਰੀ ਹੈ। ਇਸ ਦੇ ਭੇਦਾਂ ਤੋਂ ਅਸੀਂ ਪੂਰੀ ਤਰ੍ਹਾਂ ਜਾਣੂੰ ਹਾਂ। ਜਿਹੜੀਆਂ ਗੱਲਾਂ ਧਿਆਨ ਵਿਚ ਰੱਖਣ ਦੀ ਲੋੜ ਹੈ ਉਹ ਹਨ :-

* ਸੰਬੰਧਕ ਨਾਂਵ, ਪੜਨਾਂਵ ਜਾਂ ਵਿਸ਼ੇਸ਼ਣ ਦੇ ਪਿੱਛੇ ਲਗਦੇ ਹਨ। ਜਿਵੇਂ :-

ਕਿਤਾਬ ਮੇਜ਼ ਉੱਤੇ ਪਈ ਹੈ।

* ਜਦ ਇਹ ਨਾਂਵ ਦੇ ਨਾਲ ਆਉਂਦੇ ਹਨ ਤਾਂ ਵੱਖ ਕਰਕੇ ਲਿਖੇ ਜਾਂਦੇ ਹਨ। ਜਿਵੇਂ :-
ਇਹ ਗੁਲਾਬ ਦਾ ਫੁੱਲ ਹੈ।

* ਜਦ ਇਹਨਾਂ ਦੀ ਵਰਤੋਂ ਪੜਨਾਂਵ ਨਾਲ ਹੁੰਦੀ ਹੈ ਤਾਂ ਇਹ ਉਸ ਨਾਲ ਜੁੜ ਕੇ ਆਉਂਦੇ ਹਨ। ਜਿਵੇਂ :-
ਮੈਨੂੰ, ਤੁਹਾਨੂੰ ਆਦਿ।

ਨਾਲ ਹੀ ਪੜਨਾਂਵ ਨਾਲ ਸੰਬੰਧਕ ਦੀ ਵਰਤੋਂ ਵਿਚ ਪੜਨਾਂਵ ਅਤੇ ਸਬੰਧਕ ਦੋਹਾਂ ਦੇ ਰੂਪ ਵੀ ਕੁਝ ਹੱਦ ਤਕ ਬਦਲਾਓ ਆਉਂਦਾ ਹੈ। ਜਿਵੇਂ :-

ਤੋਂ ਦਾ ਥੋਂ ਵਿਚ ਬਦਲਾਵ ਆਦਿ।

* ਨਾਂਵ ਅਤੇ ਸੰਬੰਧਕ ਦੇ ਵਿਚਕਾਰ ਕੋਈ ਸ਼ਬਦ, ਵਾਕ ਜਾਂ ਉਪਵਾਕ ਦੇ ਆਉਣ ਦੀ ਕੋਈ ਸੰਭਾਵਨਾ ਨਹੀਂ।

**ਯੋਜਕ :**

ਯੋਜਕ ਆਪਣੇ ਨਾਂ ਨੂੰ ਸਾਰਥਕ ਕਰਦਾ ਹੈ ਜੋੜਨ ਵਾਲਾ।

ਇਹ ਜੋੜਦਾ ਹੈ—ਵਾਕਾਂ, ਵਾਕੰਸ਼ਾਂ ਜਾਂ ਸ਼ਬਦਾਂ ਨੂੰ।

ਜਿੱਥੇ ਇਹ ਜੋੜਨ ਦਾ ਕੰਮ ਕਰਦਾ ਹੈ ਨਾਲ-ਨਾਲ ਵਾਕ ਦੀ ਵਿਉਂਤ ਨੂੰ ਵੀ ਤਬਦੀਲ ਕਰਦਾ ਹੈ। ਜਿਵੇਂ ਦੋ ਵਾਕੰਸ਼ ਹਨ :-

1. ਬਾਰਸ਼ ਆਈ (ਵਾਕੰਸ਼)
2. ਬਿਜਲੀ ਚਲੀ ਗਈ।

ਬਾਰਸ਼ ਆਈ ਅਤੇ ਬਿਜਲੀ ਚਲੀ ਗਈ।

ਦੋ ਸੁਤੰਤਰ ਵਾਕੰਸ਼ਾਂ ਨੂੰ ਜੋੜਕੇ 'ਅਤੇ' ਦੇ ਮਾਧਿਅਮ ਰਾਹੀਂ ਇਕ ਨਵੇਂ ਵਾਕ ਦੀ ਸਿਰਜਣਾ ਕਰ ਦਿੱਤੀ ਗਈ ਹੈ।

ਯੋਜਕਾਂ ਦੀ ਵਰਤੋਂ :-

* ਆਮ ਤੌਰ ਤੇ ਇਹ ਜੋੜੇ ਜਾਣ ਵਾਲੇ ਅੰਗਾਂ ਦੇ ਵਿਚਕਾਰ ਆਉਂਦੇ ਹਨ ਪਰ ਕਦੇ ਕਦੇ ਵਾਕ ਦੇ ਆਰੰਭ ਵਿਚ ਵੀ ਆ ਜਾਂਦੇ ਹਨ। ਜਿਵੇਂ :-

ਭਾਵੇਂ ਕੁਝ ਵੀ ਹੋਵੇ ਮੈਂ ਤੇਰੀ ਮਦਦ ਕਰਾਂਗਾ।

* ਕਦੇ-ਕਦੇ ਯੋਜਕ ਇਕ ਸ਼ਬਦ ਤੇ ਵਾਕੰਸ਼ ਨੂੰ ਵੀ ਜੋੜਦਾ ਹੈ।

ਜਿਵੇਂ :- * ਮੈਂ ਜਾਵਾਂ ਜਾਂ ਤੁਸੀਂ ਜਾਓਗੇ ?

ਜਾਂ

* ਤੂੰ ਮੇਰੀ ਗੱਲ ਸਮਝੀ ਕਿ ਨਹੀਂ ?

ਇਸ ਤਰ੍ਹਾਂ ਵਿਦਿਆਰਥੀਆਂ ਦੀਆਂ ਸ਼ੰਕਾਵਾਂ ਦੂਰ ਕਰਕੇ ਹੀ ਉਹਨਾਂ ਦੀ ਵਿਆਕਰਨ ਦੀ ਪਕੜ ਮਜਬੂਤ ਕੀਤੀ ਜਾ ਸਕਦੀ ਹੈ। ਅਭਿਆਸ ਵੀ ਇਸ ਵਿਚ ਇਕ ਜ਼ਰੂਰੀ ਕੜੀ ਹੈ। ਬਿਨਾਂ ਅਭਿਆਸ ਦੇ ਇਹਨਾਂ ਦਾ ਉਪਯੋਗ ਕਰ ਵਿਦਿਆਰਥੀ ਆਪਣੀ ਸਿਰਜਨਾਤਮਕਤਾ ਨੂੰ ਨਿਖਾਰ ਨਹੀਂ ਸਕਦੇ।

ਵਿਆਕਰਨ ਦੀ ਸਿਖਲਾਈ ਆਪਣੇ ਆਪ ਵਿਚ ਇਕ ਚੁਣੌਤੀ ਭਰਿਆ ਖੇਤਰ ਹੈ। ਵਿਆਕਰਨ ਦੀ ਸਮਝ ਹੋਣਾ ਸਿੱਕੇ ਦਾ ਇਕ ਪਹਿਲੂ ਹੈ ਤੇ ਉਸ ਨੂੰ ਸੁਚਾਰੂ ਰੂਪ ਵਿਚ ਵਿਦਿਆਰਥੀਆਂ ਤੱਕ ਸੰਚਾਰ ਕਰ ਪਾਉਣਾ ਉਸ ਦਾ ਦੂਜਾ ਪਹਿਲੂ ਹੈ। ਵਿਦਿਆਰਥੀਆਂ ਦੇ ਸਿੱਖਣ ਦੀ ਪੱਧਰ ਤੇ ਉੱਤਰ ਕੇ ਹੀ ਅਧਿਆਪਕ ਸੁਚੱਜੇ ਢੰਗ ਨਾਲ ਸਿਖਲਾਈ ਕਰ ਸਕਦਾ ਹੈ।